Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 148 | Thursday, July 28, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਰੌਜਰਜ਼ ਨਾਲ ਸਬੰਧਾਂ ਕਾਰਨ ਮੇਅਰ ਟੋਰੀ ਖਿਲਾਫ ਕੀਤੀ ਗਈ ਸ਼ਿਕਾਇਤ

ਟੋਰਾਂਟੋ, 27 ਜੁਲਾਈ (ਪੋਸਟ ਬਿਊਰੋ) : ਰੌਜਰਜ਼ ਨਾਲ ਚਿਰਾਂ ਤੋਂ ਚੱਲੇ ਆ ਰਹੇ ਸਬੰਧਾਂ ਨੂੰ ਲੈ ਕੇ ਮੇਅਰ ਜੌਹਨ ਟੋਰੀ ਖਿਲਾਫ ਸ਼ਿਕਾਇਤੀ ਕੀਤੀ ਗਈ ਹੈ। ਇਸ ਦੇ ਨਾਲ ਹੀ ਸਿਟੀ ਕਾਊਂਸਲ ਵੱਲੋਂ ਲੇਕ ਸ਼ੋਰ ਦੇ ਨਾਲ ਵੀਕੈਂਡ ਉੱਤੇ ਹੋਣ ਵਾਲੇ ਰੋਡ ਕਲੋਜ਼ਰ ਨੂੰ ਸੀਮਤ ਕਰਨ ਲਈ ਪਾਈ ਗਈ ਵੋਟ ਉੱਤੇ ਵੀ ਇਤਰਾਜ਼ ਕੀਤਾ ਗਿਆ ਹੈ।

ਸਿਵਿਕ ਐਕਟੀਵਿਸਟ ਐਡਮ ਚਾਲੈਫ ਨੇ ਮਿਊਂਸਪਲ ਇੰਟੇਗ੍ਰਿਟੀ ਕਮਿਸ਼ਨ ਕੋਲ ਸ਼ਿਕਾਇਤ ਦਰਜ ਕਰਵਾਈ, ਜਿਸ ਵਿੱਚ ਆਖਿਆ ਗਿਆ ਹੈ ਕਿ ਪਿਛਲੇ ਮਹੀਨੇ ਜਦੋਂ ਟੋਰੀ ਨੇ ਲੇਕ ਸ਼ੋਰ ਬੁਲੇਵਾਰਡ ਵੈਸਟ ਐਕਟਿਵ ਟੀਓ ਰੋਡ ਕਲੋਜ਼ਰ ਨੂੰ ਖ਼ਤਮ ਕਰਨ ਲਈ ਵੋਟ ਕੀਤੀ ਸੀ ਤੇ ਗੱਲ ਕੀਤੀ ਸੀ ਤਾਂ ਉਸ ਵਿੱਚ ਉਨ੍ਹਾਂ ਦੇ ਨਿਜੀ ਹਿਤ ਲੁਕੇ ਹੋਏ ਸਨ। ਚਾਲੈਫ ਨੇ ਆਖਿਆ ਕਿ ਰੌਜਰਜ਼ ਦੀ ਮਲਕੀਅਤ



ਵਾਲੀ ਕੰਪਨੀ ਬਲੂ ਜੇਅਜ਼ ਵੱਲੋਂ ਸਿੱਧੇ ਟੋਰੀ ਨਾਲ ਸੰਪਰਕ ਕਰਕੇ ਇਹ ਆਖਿਆ ਗਿਆ ਸੀ ਕਿ ਇਹ ਸੜਕ ਬੰਦ ਰਹਿਣ ਨਾਲ ਉਨ੍ਹਾਂ ਦੇ ਕਾਰੋਬਾਰ ਉੱਤੇ ਅਸਰ ਪੈਂਦਾ ਹੈ।

ਜ਼ਿਕਰਯੋਗ ਹੈ ਕਿ ਟੋਰਾਂਟੋ ਬਲੂ ਜੇਅਜ਼ ਦੇ ਪ੍ਰੈਜ਼ੀਡੈਂਟ ਮਾਰਕ ਸ਼ੈਪੀਰੋ ਨੇ ਜੂਨ ਵਿੱਚ ਹੋਣ ਵਾਲੀ ਕਾਊਂਸਲ ਦੀ ਮੀਟਿੰਗ ਤੋਂ ਪਹਿਲਾਂ ਇਹ ਗੱਲ ਆਖੀ ਸੀ ਕਿ ਸੜਕ ਬੰਦ ਹੋਣ ਨਾਲ ਫੈਨਜ਼ ਨੂੰ ਟੀਮ ਦੀ ਹੋਮ ਗੇਮਜ਼ ਲਈ ਰੌਜਰਜ਼ ਸੈਂਟਰ ਤੱਕ ਪਹੁੰਚਣਾ ਹੋਰ ਵੀ ਮੁਸ਼ਕਲ ਹੋ ਜਾਂਦਾ ਹੈ। ਇਹ ਟੀਮ ਰੌਜਰਜ਼ ਕਮਿਊਨਿਕੇਸ਼ਨਜ਼ ਦੀ ਮਲਕੀਅਤ ਹੈ।

ਫਿਰ ਮੇਅਰ ਨੇ ਸ਼ੈਪੀਰੋ ਦੀ ਬੇਨਤੀ ਉੱਤੇ ਬਹੁਗਿਣਤੀ ਕਾਊਂਸਲਰਜ਼ ਨਾਲ ਵੋਟ ਕੀਤਾ ਤਾਂ ਕਿ ਲੇਕ ਸ਼ੋਰ ਵੈਸਟ ਉੱਤੇ ਐਕਟਿਵ ਟੀਓ ਰੋਡ ਕਲੋਜ਼ਰ ਨੂੰ ਸੀਮਤ ਸਪੈਸ਼ਲ ਈਵੈਂਟ ਵਜੋਂ ਐਡਵਾਂਸ ਵਿੱਚ ਹੀ ਪਲੈਨ ਕੀਤਾ ਜਾਵੇ। ਜੂਨ ਵਿੱਚ ਦਿੱਤੇ ਆਪਣੇ ਬਿਆਨ ਬਾਰੇ ਬਲੂ ਜੇਅਜ਼ ਦੇ ਪ੍ਰੈਜ਼ੀਡੈਂਟ ਦੀ ਆਨਲਾਈਨ ਕਾਫੀ ਨੁਕਤਾਚੀਨੀ ਕੀਤੀ ਗਈ। ਉਸ ਸਮੇਂ ਮੇਅਰ ਟੋਰੀ ਨੇ ਜਨਤਕ ਤੌਰ ਉੱਤੇ ਆਖਿਆ ਕਿ ਦੋਵਾਂ ਧਿਰਾਂ ਦੀ ਗੱਲ ਸੁਣਨਾ ਬਹੁਤ ਜ਼ਰੂਰੀ ਹੈ।

ਸ਼ਿਕਾਇਤਕਰਤਾ ਨੇ ਆਖਿਆ ਕਿ ਮੇਅਰ ਟੋਰੀ ਵੱਲੋਂ ਕੀਤੀਆਂ ਟਿੱਪਣੀਆਂ ਤੇ ਉਨ੍ਹਾਂ ਵੱਲੋਂ ਕੀਤੀ ਵੋਟ ਉਨ੍ਹਾਂ ਦੇ ਨਿਜੀ ਹਿਤਾਂ ਨੂੰ ਦਰਸਾਉਂਦੀ ਹੈ ਤੇ ਇਹ ਮਿਊਂਸਪਲ ਕੌਨਫਲਿਕਟ ਆਫ ਇੰਟਰਸਟ ਐਕਟ ਦੀ ਉਲੰਘਣਾ ਹੈ।

## 1989 ਤੋਂ ਜਿਨਸੀ ਸ਼ੋਸ਼ਣ ਦੇ ਮਾਮਲਿਆਂ ਨਾਲ ਨਜਿੱਠਣ ਲਈ ਹਾਕੀ ਕੈਨੇਡਾ ਅਦਾ ਕਰ ਚੁੱਕੀ ਹੈ 7.6 ਮਿਲੀਅਨ ਡਾਲਰ

ਓਟਵਾ, 27 ਜੁਲਾਈ (ਪੋਸਟ ਬਿਊਰੋ) : ਹਾਕੀ ਕੈਨੇਡਾ ਦੇ ਚੀਫ ਫਾਇਨਾਂਸ਼ੀਅਲ ਆਫੀਸਰ ਨੇ ਦੱਸਿਆ ਕਿ 1989 ਤੋਂ ਲੈ ਕੇ 9 ਸੈਟਲਮੈਂਟਸ ਵਿੱਚ ਗਵਰਨਿੰਗ ਬਾਡੀ ਨੇ 7.6 ਮਿਲੀਅਨ ਡਾਲਰ ਅਦਾ ਕੀਤੇ ਹਨ। ਇਨ੍ਹਾਂ ਵਿੱਚੋਂ ਸੱਭ ਤੋਂ ਵੱਧ ਰਕਮ ਜਿਨਸੀ ਸ਼ੋਸ਼ਕ ਗ੍ਰਾਹਮ ਜੇਮਜ਼ ਦੇ ਪੀੜਤਾਂ ਨੂੰ ਚੁਕਾਈ ਗਈ।

ਇਹ ਖੁਲਾਸਾ ਜਿਨਸੀ ਹਮਲੇ ਦੇ ਦੋਸ਼ਾਂ ਨੂੰ ਗਵਰਨਿੰਗ ਬਾਡੀ ਵੱਲੋਂ ਕਿਸ ਤਰ੍ਹਾਂ ਸਾਂਭਿਆ ਜਾਂਦਾ ਰਿਹਾ ਹੈ, ਇਸ ਬਾਰੇ ਹਾਊਸ ਆਫ ਕਾਮਨਜ਼ ਦੀ ਹੈਰੀਟੇਜ ਕਮੇਟੀ ਦੀ ਚੱਲ ਰਹੀ ਜਾਂਚ ਦੌਰਾਨ ਹੋਇਆ। ਜ਼ਿਕਰਯੋਗ ਹੈ ਕਿ ਜੇਮਜ਼ ਨੂੰ 1980ਵਿਆਂ ਦੇ ਅਖੀਰ ਤੇ 90ਵਿਆਂ ਦੇ ਸ਼ੁਰੂ ਵਿੱਚ ਵੈਸਟਰਨ ਹਾਕੀ ਲੀਗ ਦੇ ਸਵਿਫਟ ਕਰੰਟ



ਬ੍ਰੌਂਕੌਸ ਦੇ ਆਪਣੇ ਛੇ ਸਾਬਕਾ ਖਿਡਾਰੀਆਂ ਉੱਤੇ ਜਿਨਸੀ ਹਮਲਾ ਕਰਨ ਦੇ ਮਾਮਲੇ ਵਿੱਚ ਦੋਸ਼ੀ ਪਾਇਆ ਗਿਆ ਸੀ।

ਮਈ ਵਿੱਚ ਇਹ ਖਬਰ ਸਾਹ- ਮਣੇ ਆਉਣ ਤੋਂ ਬਾਅਦ ਹਾਕੀ ਕੈਨੇਡਾ ਦੀ ਕਾਫੀ ਨੁਕਤਾਚੀਨੀ ਹੋ ਰਹੀ ਸੀ ਕਿ 2018 ਦੀ ਵਰਲਡ ਜੂਨੀਅਰ ਟੀਮ ਦੇ ਮੈਂਬਰਾਂ ਵੱਲੋਂ ਲੰਡਨ, ਓਨਟਾਰੀਓ ਵਿੱਚ ਇੱਕ ਗਾਲਾ ਈਵੈਂਟ ਦੌਰਾਨ ਜਿਨਸੀ ਹਮਲਾ ਕੀਤਾ ਸੀ। ਇਸ ਮਾਮਲੇ ਵਿੱਚ ਪੁਲਿਸ ਵੱਲੋਂ ਕੋਈ ਚਾਰਜਿਜ਼ ਨਹੀਂ ਸਨ ਲਾਏ ਗਏ, ਪਰ ਇਸ ਹਮਲੇ ਦੀ ਸ਼ਿਕਾਇਤ ਕਰਨ ਵਾਲੀ ਮਹਿਲਾ ਵੱਲੋਂ ਹਾਕੀ ਕੈਨੇਡਾ, ਕੈਨੇਡੀਅਨ ਹਾਕੀ ਲੀਗ ਤੇ ਕਈ ਖਿਡਾਰੀਆਂ ਉੱਤੇ ਮੁਕੱਦਮਾ ਦਰਜ ਕਰਵਾ ਦਿੱਤਾ ਸੀ।

ਇਹ ਵੀ ਪਤਾ ਲੱਗਿਆ ਸੀ ਕਿ ਹਾਕੀ ਕੈਨੇਡਾ ਨੇ ਅਣਦੱਸੀ ਰਕਮ ਦੇ ਕੇ ਇਸ ਮਾਮਲੇ ਨੂੰ ਬਾਹਰੋ ਬਾਹਰ ਹੀ ਰਫਾ-ਦਫਾ ਕਰ ਦਿੱਤਾ ਸੀ। ਹੁਣ ਕਮੇਟੀ ਵਿੱਚ ਸ਼ਾਮਲ ਐਮਪੀਜ਼ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਇਨ੍ਹਾਂ ਦੋਸ਼ਾਂ ਤੇ ਮੁਕੱਦਮੇਂ ਨਾਲ ਹਾਕੀ ਕੈਨੇਡਾ ਨੇ ਕਿਵੇਂ ਨਜਿੱਠਿਆ ਸੀ।

## ਮਹਿਲਾ ਤੇ ਟੀਨੇਜਰ 'ਤੇ ਹਮਲਾ ਕਰਨ ਵਾਲੇ ਆਰਸੀਐਮਪੀ ਅਧਿਕਾਰੀ ਨੂੰ ਪੁਲਿਸ ਨੇ ਮਾਰੀ ਗੋਲੀ




ਕਿਊਬਿਕ, 27 ਜੁਲਾਈ (ਪੋਸਟ ਬਿਊਰੋ) : ਕਿਊਬਿਕ ਪੁਲਿਸ ਵੱਲੋਂ ਬੁੱਧਵਾਰ ਨੂੰ ਇੱਕ ਆਰਸੀਐਮਪੀ ਅਧਿਕਾਰੀ ਨੂੰ ਗੋਲੀ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਇਸ ਆਰਸੀਐਮਪੀ ਅਧਿਕਾਰੀ ਉੱਤੇ ਸੇਂਟ ਜੀਨ ਸੁਰ ਰਿਚੇਲਿਊ ਸਥਿਤ ਆਪਣੇ ਘਰ ਵਿੱਚ ਇੱਕ ਮਹਿਲਾ ਤੇ ਟੀਨੇਜਰ ਉੱਤੇ ਕਥਿਤ ਤੌਰ ਉੱਤੇ ਹਮਲਾ ਕਰਨ ਦਾ ਦੋਸ਼ ਸੀ।

ਇਸ ਮਾਮਲੇ ਦੀ ਜਾਂਚ ਕਿਊਬਿਕ ਬਿਊਰੋ ਆਫ ਇਨਵੈਸਟੀਗੇਸ਼ਨ (ਬੀਈਆਈ) ਵੱਲੋਂ ਕੀਤੀ ਜਾ ਰਹੀ ਹੈ। ਬੀਈਆਈ ਅਨੁਸਾਰ ਸੇਂਟ ਜੀਨ ਸੁਰ ਰਿਚੇਲਿਊ ਪੁਲਿਸ (ਐਸਜੇਐਸਆਰ) ਨੂੰ ਤੜਕੇ 2:05 ਉੱਤੇ 911 ਕਾਲ ਆਈ। ਇਹ ਕਾਲ ਇੱਕ ਵਿਅਕਤੀ ਵੱਲੋਂ ਕੀਤੀ ਗਈ ਸੀ ਤੇ ਉਸ ਨੇ ਦੱਸਿਆ ਕਿ ਉਸ ਤੋਂ ਵੱਡੀ ਗੜਬੜ ਹੋ ਗਈ ਹੈ। ਜਦੋਂ ਪੁਲਿਸ ਬਾਇਟ ਸਟਰੀਟ ਉੱਤੇ ਸਥਿਤ ਘਰ ਪਹੁੰਚੀ ਤਾਂ ਇੱਕ ਵਿਅਕਤੀ, ਜੋ ਕਿ ਆਰਸੀਐਮਪੀ ਅਧਿਕਾਰੀ ਸੀ, ਹੱਥ ਵਿੱਚ ਚਾਕੂ ਲਈ ਖੜ੍ਹਾ ਸੀ। ਪੁਲਿਸ ਅਧਿਕਾਰੀਆਂ ਵੱਲੋਂ ਗੋਲੀ ਚਲਾਈ ਗਈ ਤੇ 48 ਸਾਲਾ ਇਹ ਵਿਅਕਤੀ ਜ਼ਖ਼ਮੀ ਹੋ ਗਿਆ। ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਮੌਤ ਹੋ ਗਈ।

ਘਰ ਦੇ ਅੰਦਰੋਂ ਪੁਲਿਸ ਨੂੰ ਇੱਕ ਮਹਿਲਾ ਤੇ ਟੀਨੇਜਰ ਮਿਲੇ, ਜੋ ਬੁਰੀ ਤਰ੍ਹਾਂ ਜ਼ਖ਼ਮੀ ਸਨ। ਉਨ੍ਹਾਂ ਨੂੰ ਵੀ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਗੁਆਂਢੀਆਂ ਨੇ ਦੱਸਿਆ ਕਿ ਉਹ ਬਹੁਤ ਵਧੀਆ ਪਰਿਵਾਰ ਸੀ। ਉਹ ਚੰਗੇ ਲੋਕ ਸਨ। ਇਹ ਸਾਰਾ ਕੁੱਝ ਉਨ੍ਹਾਂ ਦੇ ਘਰ ਵਾਪਰੇਗਾ ਇਸ ਦਾ ਕੋਈ ਅੰਦਾਜ਼ਾ ਵੀ ਨਹੀਂ ਸੀ ਲਗਾ ਸਕਦਾ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty Off: 905.230.3100

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272
www.allkindinsurance.com

INSURANCE
Home
Business
Life Insurance
Auto
Trucking
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats
Cockroaches
Spiders & Fleas
Carpenter Ants
Bedbugs
Silver Fish
Wasps
Racoons
Call : PARESH PATEL (Government Approved Licensed Technician)
416 938 4598

OURR HOME & APPLIANCES
BASEMENT Special
JULY BOXING WEEK
Stacked laundry
30 inch fridge
Electric stove
$2999
Unit #1, 241 Clarence, St Brampton, On L6W 3E7, (416) 551 3343 | 44 Fasken Dr. # 2-9 Etobicoke, On M9W 5M8, (416) 792-0877 | Unit #6 410 Lewis Road, Stoney Creek, On L8E 5Y7, (905) 643-0818 | Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM (416) 792-0877 (416) 551 3343

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

MANN LAW FIRM
Real Estate Law
Wills & Estates
Power of Attorney
Business Law
Family Law
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

## ਮੁਫਤ ਵਿੱਚ ਬਰੈਂਪਟਨ ਦਾ ਬੱਸ ਟੂਰ ਲੈ ਸਕਦੇ ਹਨ ਨਵੇਂ ਰੈਜ਼ੀਡੈਂਟਸ




ਬਰੈਂਪਟਨ, 27 ਜੁਲਾਈ (ਪੋਸਟ ਬਿਊਰੋ) : ਪਹਿਲੀ ਜਨਵਰੀ, 2019 ਤੋਂ ਬਾਅਦ ਬਰੈਂਪਟਨ ਰਹਿਣ ਲਈ ਆਉਣ ਵਾਲੇ ਰੈਜ਼ੀਡੈਂਟਸ ਮੁਫਤ ਵਿੱਚ ਨਿਊਕਮਰ ਬੱਸ ਟੂਰ ਲੈ ਸਕਦੇ ਹਨ। ਇਹ ਟੂਰ ਬਰੈਂਪਟਨ ਲਾਇਬ੍ਰੇਰੀ ਤੇ ਬਰੈਂਪਟਨ ਟਰਾਂਜ਼ਿਟ ਦੇ ਸਹਿਯੋਗ ਨਾਲ ਕਰਵਾਇਆ ਜਾਵੇਗਾ।

ਇਹ ਟੂਰ 16 ਅਗਸਤ ਤੇ 18 ਅਗਸਤ ਨੂੰ ਸਵੇਰੇ 10:00 ਵਜੇ ਤੋਂ ਦੁਪਹਿਰ ਦੇ 1:00 ਵਜੇ ਤੱਕ ਕਰਵ-ਾਇਆ ਜਾਵੇਗਾ। ਇਸ ਲਈ ਰੈਜ਼ੀਡੈਂਟਸ ਆਨਲਾਈਨ bramptonlibrary.ca ਉੱਤੇ ਜਾਂ ਫਿਰ 905 793 4636 ਉੱਤੇ ਫੋਨ ਕਰਕੇ ਆਪਣਾ ਨਾਂ ਰਜਿਸਟਰ ਕਰਵਾ ਸਕਦੇ ਹਨ।

ਇਸ ਦੌਰਾਨ ਬਰੈਂਪਟਨ ਸਿਟੀ ਹਾਲ, ਪਾਰਕਸ, ਹਸਪਤਾਲਾਂ, ਕਮਿਊਨਿਟੀ ਸੈਂਟਰਾਂ, ਬੱਸ ਤੇ ਟਰੇਨ ਸਟੇਸ਼ਨਾਂ ਦੇ ਨਾਲ ਨਾਲ ਲਾਇਬ੍ਰੇਰੀ ਦੀਆਂ ਬ੍ਰਾਂਚਾਂ ਦਾ ਟੂਰ ਕਰਵਾਇਆ ਜਾਵੇਗਾ।ਇਸ ਨਾਲ ਰੈਜ਼ੀਡੈਂਟਸ ਨੂੰ ਬਰੈਂਪਟਨ ਨੂੰ ਜਾਨਣ ਦਾ ਮੌਕਾ ਮਿਲੇਗਾ ਤੇ ਉਨ੍ਹਾਂ ਦਾ ਮਨੋਰੰਜਨ ਵੀ ਹੋਵੇਗਾ।

ਮਹਾਂਮਾਰੀ ਕਾਰਨ ਇਸ ਟੂਰ ਨੂੰ ਦੋ ਸਾਲ ਦੇ ਵਕਫੇ ਮਗਰੋਂ ਮੁੜ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਐਵਾਰਡ ਜੇਤੂ ਟੂਰ ਨੂੰ ਪਬਲਿਕ ਲਾਇਬ੍ਰੇਰੀ ਸਰਵਿਸ ਵਿੱਚ ਕਮਾਲ ਦੀ ਸੇਵਾ ਵਾਸਤੇ ਐਂਗਸ ਮੋਵਾਤ ਐਵਾਰਡ, ਪਬਲਿਕ ਲਾਇਬ੍ਰੇਰੀ ਐਸੋਸਿਏਸ਼ਨ ਅਪਸਟਾਰਟ ਇਨੋਵੇਸ਼ਨ ਐਵਾਰਡ ਤੇ ਕੈਨੇਡੀਅਨ ਅਰਬਨ ਟਰਾਂਜ਼ਿਟ ਐਸੋਸਿਏਸ਼ਨ (ਸੀਯੂਟੀਏ) ਤੋਂ ਐਵਾਰਡ ਹਾਸਲ ਹੋ ਚੁੱਕਿਆ ਹੈ।

## ਸਿਮਰਨਜੀਤ ਮਾਨ ਨੇ ਪੁੱਛਿਆ: ਸੁਪਰੀਮ ਕੋਰਟ ਵਿੱਚ ਕੋਈ ਸਿੱਖ ਜੱਜ ਕਿਉਂ ਨਹੀਂ? ਕਾਨੂੰਨ ਮੰਤਰੀ ਨੇ ਸਥਿਤੀ ਸਪੱਸ਼ਟ ਕੀਤੀ

ਨਵੀਂ ਦਿੱਲੀ, 27 ਜੁਲਾਈ, (ਪੋਸਟ ਬਿਊਰੋ)- ਸੰਗਰੂਰ ਤੋਂ ਚੁਣੇ ਗਏ ਪਾਰਲੀਮੈਂਟ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਸੁਪਰੀਮ ਕੋਰਟ ਵਿੱਚ ਸਿੱਖ ਜੱਜ ਨਾ ਹੋਣ ਦਾ ਮੁੱਦਾ ਚੁੱਕਿਆ ਹੈ। ਲੋਕ ਸਭਾ ਵਿੱਚ ਫੈਮਲੀ ਕੋਰਟ ਦੇ ਬਿੱਲ ਉੱਤੇਚੱਲਦੀਬਹਿਸ ਦੌਰਾਨ ਹੋਰ ਵਿਰੋਧੀ ਧਿਰਾਂ ਨੇ ਜੱਜਾਂ ਦੀ ਨਿਯੁਕਤੀ ਵਿੱਚ ਦੇਰੀ ਦਾ ਮੁੱਦਾ ਉਠਾਇਆ ਸੀ। ਇਸ ਬਹਿਸ ਦੌਰਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ, 'ਕੇਂਦਰੀ ਕਾਨੂੰਨ ਮੰਤਰੀ ਕਿਰਨ ਰਿਜਿਜੂ ਨੂੰ ਚਿੰਤਾ ਹੈ ਕਿ ਬਿਹਾਰ ਤੇ ਝਾਰਖੰਡ ਦਾ ਕੋਈ ਜੱਜ ਸੁਪਰੀਮ ਕੋਰਟ ਵਿੱਚ ਨਹੀਂ, ਮੈਨੂੰ ਚਿੰਤਾ ਹੈ ਕਿ ਸੁਪਰੀਮ ਕੋਰਟ ਵਿੱਚ ਕੋਈ ਵੀ ਸਿੱਖ ਜੱਜ ਨਹੀਂ ਹੈ।ਇਸ ਉੱਤੇ ਕਾਨੂੰਨ ਮੰਤਰੀ ਨੇ ਕਿਹਾ ਕਿ ਜੱਜਾਂ ਦੀ ਨਿਯੁਕਤੀ ਦੀ ਵਿਵਸਥਾ ਬਾਰੇ ਟਿੱਪਣੀ ਕਰਨਾ ਠੀਕ ਨਹੀਂ, ਪਰ ਧਰਮ ਤੇ ਜਾਤ ਮੁਤਾਬਕ ਸੁਪਰੀਮ ਕੋਰਟ ਦਾ ਜੱਜ ਬਣਾਉਣ ਦਾ ਕੋਈ ਰਾਖਵਾਂਕਰਨ ਨਹੀਂ ਹੈ। ਵਰਨਣ ਯੋਗ ਹੈ ਕਿ ਬੀਤੇ ਦਿਨੀਂ ਸੁਪਰੀਮ ਕੋਰਟ ਦੇ ਕਾਲੇਜੀਅਮ ਨੇ ਪੰਜਾਬ ਹਰਿਆਣਾ ਹਾਈਕੋਰਟ ਵਿੱਚ 13 ਵਕੀਲਾਂ ਨੂੰ ਜੱਜ ਵਜੋਂ ਤਰੱਕੀ ਦੇਣ ਨੂੰ ਮਨਜ਼ੂਰੀਦਿੱਤੀ ਹੈ। ਜਿਨ੍ਹਾਂ 13 ਵਕੀਲਾਂ ਨੂੰ ਪੰਜਾਬ ਹਰਿਆਣਾ ਹਾਈਕੋਰਟ ਵਿੱਚਜੱਜ ਵਜੋਂ ਤਰੱਕੀ ਦਿੱਤੀ ਗਈ, ਉਨ੍ਹਾਂ ਵਿੱਚ ਨਿਧੀ ਗੁਪਤਾ, ਸੰਜੇ ਵਸ਼ਿਸ਼ਟ, ਤ੍ਰਿਭੁਵਨ ਦਹੀਆ, ਨਮਿਤ ਕੁਮਾਰ, ਹਰਕੇਸ਼ ਮਨੂਜਾ, ਅਮਨ ਚੌਧਰੀ, ਨਰੇਸ਼ ਸਿੰਘ ਸ਼ੇਖਾਵਤ, ਹਰਸ਼ ਬੰਗੜ, ਜਗਮੋਹਨ ਬਾਂਸਲ, ਦੀਪਕ ਮਨਚੰਦਾ, ਅਲੋਕ ਜੈਨ, ਹਰਪ੍ਰੀਤ ਸਿੰਘ ਬਰਾੜ ਅਤੇ ਕੁਲਦੀਪ ਤਿਵਾੜੀ ਸ਼ਾਮਿਲ ਹਨ।

# ਭਾਰਤੀ ਖਾਣੇ ਦੇ ਪ੍ਰਚਾਰ ਲਈ ਯੋਗਦਾਨ ਪਾਉਣ ਵਾਲੇ ਰੈਸਟੋਰੈਂਟਸ ਨੂੰ ਅੰਨਪੂਰਨਾ ਸਰਟੀਫਿਕੇਟ ਦੇਵੇਗੀ ਆਈਸੀਸੀਆਰ

ਟੋਰਾਂਟੋ, 27 ਜੁਲਾਈ (ਪੋਸਟ ਬਿਊਰੋ) :ਭਾਰਤੀ ਖਾਣੇ ਦੇ ਪਰਚਾਰ ਲਈ ਕਮਾਲ ਦਾ ਯੋਗਦਾਨ ਪਾਉਣ ਵਾਲੇ ਰੈਸਟੋਰੈਂਟਸ ਨੂੰ ਮਾਨਤਾ ਦੇਣ ਦੇ ਇਰਾਦੇ ਨਾਲ ਇੰਡੀਅਨ ਕਾਊਂਸਲ ਫੌਰ ਕਲਚਰਲ ਰਿਲੇਸ਼ਨਜ਼ (ਆਈਸੀਸੀਆਰ) ਵੱਲੋਂ ਅੰਨਪੂਰਨਾ ਸਰਟੀਫਿਕੇਟ ਦੇਣ ਦੀ ਯੋਜਨਾ ਬਣਾਈ ਗਈ ਹੈ।

ਇਸ ਸਬੰਧ ਵਿੱਚ ਕੈਨੇਡਾ ਦੇ ਰੈਸਟੋਰੈਂਟਸ ਤੋਂ ਨਾਮਜ਼ਦਗੀਆਂ ਮੰਗੀਆਂ ਗਈਆਂ ਹਨ ਤਾਂ ਕਿ ਉਨ੍ਹਾਂ ਨੂੰ ਆਈਸੀਸੀਆਰ ਕੋਲ ਜਮ੍ਹਾਂ ਕਰਵਾਇਆ ਜਾ ਸਕੇ। ਇਸ ਵਿੱਚ ਹਿੱਸਾ ਲੈਣ ਵਾਲੇ ਰੈਸਟੋਰੈਂਟਸ ਲਈ ਆਮ ਨਿਯਮ ਤੇ ਸ਼ਰਤਾਂ ਰੱਖੀਆਂ ਗਈਆਂ ਹਨ ਤੇ ਇਸ ਦੇ ਨਾਲ ਹੀ ਹੋਰ ਵੇਰਵਿਆਂ ਲਈ ਇੱਕ ਪਰਫੌਰਮਾ



ਵੀ ਨਾਲ ਨੱਥੀ ਕੀਤਾ ਗਿਆ ਹੈ।

ਇਸ ਵਿੱਚ ਹਿੱਸਾ ਲੈਣ ਲਈ ਦਿਲਚਸਪੀ ਰੱਖਣ ਵਾਲੇ ਤੇ ਯੋਗ ਰੈਸਟੋਰੈਂਟਸ, ਜਿਹੜੇ ਸੀਜੀਆਈ ਟੋਰਾਂਟੋ ਦੇ ਅਧਿਕਾਰ ਖੇਤਰ ਵਾਲੇ ਇਲਾਕਿਆਂ ਨਾਲ ਸਬੰਧਤ ਹਨ, ਓਰਿਜਨਲ ਰੂਪ ਵਿੱਚ ਆਪਣੀਆਂ ਨਾਮਜ਼ਦਗੀਆਂ 15 ਅਗਸਤ, 2022 ਤੱਕ ਸੀਜੀਆਈ ਟੋਰਾਂਟੋ, 365 ਬਲੂਅਰ ਸਟਰੀਟ ਈਸਟ, ਸੂਈਟ 700, ਟੋਰਾਂਟੋ ਐਮ4ਡਬਲਿਊ3ਐਲ4 (CGI Toronto, 365 Bloor St. East, Suite 700, Toronto M4W 3L4), ਉੱਤੇ ਜਾਂ ਇਸ ਦੀ ਸੌਫਟ ਕਾਪੀ culture.toronto@mea.gov.in ਉੱਤੇ ਭੇਜ ਸਕਦੇ ਹਨ।

## ਪੰਜਾਬ ਪੁਲਸ ਵੱਲੋਂ ਸਪੱਸ਼ਟੀਕਰਨ: ਸੁਰੱਖਿਆ ਪ੍ਰਾਪਤ ਲੋਕਾਂ ਬਾਰੇ ਮੀਡੀਆ ਵਿੱਚ ਆਈ ਸੂਚੀ ਅਧਿਕਾਰਤ ਦਸਤਾਵੇਜ਼ ਨਹੀਂ

ਚੰਡੀਗੜ੍ਹ, 27 ਜੁਲਾਈ, (ਪੋਸਟ ਬਿਊਰੋ)- ਪੰਜਾਬ ਪੁਲਸ ਨੇ ਅੱਜ ਇਹ ਸਪੱਸ਼ਟਕੀਤਾ ਹੈ ਕਿ ਮੀਡੀਆ ਦੇ ਇੱਕ ਹਿੱਸੇ ਵਿੱਚ ਪ੍ਰਸਾਰਤ ਕੀਤੀ ਜਿਸ ਲਿਸਟ ਵਿੱਚ ਸੁਰੱਖਿਆ ਕੈਟੇਗਰੀ ਵਾਲੇ ਲੋਕਾਂ ਦੇ ਵੇਰਵੇ ਦੱਸੇ ਗਏ ਹਨ, ਉਹ ਅਧਿਕਾਰਤ ਦਸਤਾਵੇਜ਼ ਨਹੀਂ ਅਤੇ ਇਸ ਨੂੰ ਪੰਜਾਬ ਪੁਲਸ ਨਾਲ ਨਾ ਜੋੜਿਆ ਜਾਵੇ।



ਇਸ ਬਾਰੇ ਪੰਜਾਬ ਪੁਲਸ ਦੇ ਬੁਲਾਰੇ ਨੇ ਕਿਹਾ ਕਿ ਪ੍ਰਚਾਰਿਆ ਗਿਆ ਕਾਗਜ਼ ਅਸਲ ਵਿੱਚਸਾਬਕਾ ਡਿਪਟੀ ਮੁੱਖ ਮੰਤਰੀ ਓਮ ਪ੍ਰਕਾਸ਼ ਸੋਨੀ ਵੱਲੋਂ ਪੰਜਾਬ ਹਰਿਆਣਾ ਹਾਈ ਕੋਰਟਵਿੱਚਕੁਝ ਹਫਤੇ ਪਹਿਲਾਂਪੇਸ਼ ਕੀਤੀ ਪਟੀਸ਼ਨ ਨਾਲ ਨੱਥੀ ਦਸਤਾਵੇਜ਼ਾਂ ਵਿੱਚੋਂ ਹੈ, ਇਹ ਕਿਸੇ ਵੀ ਤਰ੍ਹਾਂ ਪੰਜਾਬ ਪੁਲਸ ਦਾ ਨਹੀਂ। ਬੁਲਾਰੇ ਨੇ ਦੱਸਿਆ ਕਿ ਇਹਸੂਚੀ ਵੇਖ ਕੇ ਸਾਫ਼ ਦਿੱਸਦਾ ਹੈ ਕਿ ਇਸ ਟਾਈਪ ਕੀਤੀ ਸੂਚੀਵਿੱਚ ਕੋਈ ਦਸਖਤ, ਸਰਕਾਰੀ ਮੋਹਰ ਜਾਂ ਅਧਿਕਾਰਤ ਸਰਟੀਫਿਕੇਟਨਹੀਂ। ਉਨ੍ਹਾਂ ਕਿਹਾ ਕਿ ਲੱਗਦਾ ਹੈ ਕਿ ਇਹ ਸੂਚੀ ਪਟੀਸ਼ਨਰ ਨੇ ਟਾਈਪ ਕਰ ਕੇ ਪਟੀਸ਼ਨ ਨਾਲ ਨੱਥੀ ਕੀਤੀ ਹੈ ਤੇ ਕੋਈ ਵੀ ਵਿਅਕਤੀ ਤੱਥਾਂ ਦੀ ਪੁਸ਼ਟੀ ਕਰਨ ਲਈ ਪੰਜਾਬ ਹਰਿਆਣਾ ਹਾਈ ਕੋਰਟ ਦੀ ਵੈੱਬਸਾਈਟ ਤੋਂ ਇਸ ਦੀਆਂ ਕਾਪੀਆਂ ਲੈ ਸਕਦਾ ਹੈ। ਉਨ੍ਹਾਂ ਕਿਹਾ ਕਿ ਇਹਹਾਈ ਕੋਰਟ ਦੇ ਵਿਚਾਰ ਅਧੀਨ ਹੈ ਅਤੇ ਸੁਣਵਾਈ 29 ਜੁਲਾਈ ਨੂੰ ਹੈ। ਬੁਲਾਰੇ ਨੇ ਇਸ ਮੁੱਦੇ ਨੂੰ ਸਨਸਨੀਖੇਜ਼ ਬਣਾਉਣ ਦੀ ਨਿਖੇਧੀ ਕੀਤੀ ਤੇ ਇਸ ਨੂੰ ਪੰਜਾਬ ਪੁਲਸ ਨਾਲ ਜੋੜਨ ਤੋਂ ਵਰਜਿਆ ਹੈ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਪੰਜਾਬ ਵਿੱਚ ਚਰਚਾ ਛਿੜ ਗਈ ਸੀ ਕਿ ਆਮ ਆਦਮੀ ਪਾਰਟੀ ਪੰਜਾਬ ਦੇ ਮੁਖੀ ਦੇ ਅਹੁਦੇ ਤੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਹਟਾ ਦਿੱਤਾ ਗਿਆ ਅਤੇ ਇਸਦੀ ਪੰਜਾਬ ਦੀ ਕਮਾਨ ਸਿੱਧੀ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਕੋਲ ਚਲੀ ਗਈ ਹੈ? ਇਸ ਮੁੱਦਾ ਓਦੋਂ ਖੜਾ ਹੋਇਆ, ਜਦੋਂ ਜ਼ੈੱਡ ਪਲੱਸ ਕੈਟੇਗਰੀ ਵਾਲੇ ਲੋਕਾਂ ਦੀ ਸੂਚੀ ਵਾਇਰਲ ਹੋਈ, ਜਿਸਵਿੱਚ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੂੰ ਆਮ ਆਦਮੀ ਪਾਰਟੀ ਪੰਜਾਬ ਦਾ ਕਨਵੀਨਰ ਲਿਖਿਆ ਤੇ ਭਗਵੰਤ ਮਾਨ ਨੂੰ ਸਿਰਫ ਮੁੱਖ ਮੰਤਰੀ ਲਿਖਿਆ ਸੀ। ਇਸ ਸੂਚੀ ਵਿੱਚ ਅਰਵਿੰਦ ਕੇਜਰੀਵਾਲ ਨੂੰ ਆਮ ਆਦਮੀ ਪਾਰਟੀ ਪੰਜਾਬ ਦਾ ਕਨਵੀਨਰ ਲਿਖਣਾ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਂ ਤੋਂ ਪੰਜਾਬ ਵਿੱਚ ਪਾਰਟੀ ਦੇ ਮੁਖੀ ਦਾ ਅਹੁਦਾ ਹਟਾਉਣਾ ਸ਼ੱਕ ਖੜ੍ਹੇ ਕਰਦਾ ਸੀ। ਵਿਵਾਦ ਓਦੋਂ ਛਿੜਿਆ, ਜਦੋਂ ਕਾਂਗਰਸ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਲਿਸਟ ਸ਼ੇਅਰ ਕਰ ਕੇਕਿਹਾ ਕਿ ਪੰਜਾਬ ਸਰਕਾਰ ਵੱਲੋਂ 29 ਅਪਰੈਲ ਨੂੰ ਜਾਰੀ ਕੀਤੀਸੂਚੀ ਅਨੁਸਾਰ ਅਰਵਿੰਦ ਕੇਜਰੀਵਾਲ ਆਮ ਆਦਮੀ ਪਾਰਟੀ ਪੰਜਾਬ ਦੇ ਕਨਵੀਨਰ ਹਨ ਅਤੇ ਇਸ ਪਾਰਟੀਵਿੱਚ ਕਨਵੀਨਰ ਦਾ ਮਤਲਬ ਪ੍ਰਧਾਨ ਹੈ, ਜਦ ਕਿ ਪੰਜਾਬ ਵਿੱ-ਚਇਸ ਦੇ ਪ੍ਰਧਾਨ ਭਗਵੰਤ ਮਾਨ ਹਨ।

ਸਾਰਾ ਦਿਨ ਵਿਵਾਦ ਚੱਲਣ ਪਿੱਛੋਂ ਪੰਜਾਬ ਪੁਲਸ ਨੇ ਸਾਫ ਕਿਹ ਕਿ ਇਹ ਪੰਜਾਬ ਪੁਲਸ ਦਾ ਦਸਤਾਵੇਜ਼ ਨਹੀਂ, ਇਹ ਓਮ ਪ੍ਰਕਾਸ਼ ਸੋਨੀ ਵੱਲੋਂ ਪਾਈ ਗਈ ਰਿੱਟ ਦਾ ਹਿੱਸਾ ਹੈ ਅਤੇ ਸੱਚੀ ਲਿਸਟ ਨਹੀਂ ਹੈ।

## ਅਕਾਲੀ ਦਲ ਕੋਰ ਕਮੇਟੀ ਨੇ ਕਿਹਾ: ਝੂੰਦਾਂ ਕਮੇਟੀ ਦੀ ਰਿਪੋਰਟ ਵਿੱਚ ਪਾਰਟੀ ਪ੍ਰਧਾਨ ਨੂੰ ਬਦਲਣ ਦੀ ਗੱਲ ਹੀ ਨਹੀਂ



ਚੰਡੀਗੜ੍ਹ, 27 ਜੁਲਾਈ, (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਕੋਰ ਕਮੇਟੀ ਦੀ ਵਿਸ਼ੇਸ਼ ਬੈਠਕ ਅੱਜ ਚੰਡੀਗੜ੍ਹ ਹੋਈ ਤਾਂ ਇਸਵਿੱਚ ਅਕਾਲੀ ਦਲ ਦੇ ਸਾਰੇ ਵੱਡੇ ਲੀਡਰ ਵਿਸ਼ੇਸ਼ ਤੌਰ ਉੱਤੇ ਸ਼ਾਮਲ ਸਨ। ਬੈਠਕ ਪਿੱਛੋਂ ਅਕਾਲੀ ਆਗੂਆਂ ਨੇ ਪ੍ਰੈੱਸ ਕਾਨਫਰੰਸ ਕਰ ਕੇ ਦੱਸਿਆ ਕਿ ਮੀਟਿੰਗ ਦੌਰਾਨ ਇੱਕਬਾਲ ਸਿੰਘ ਝੂੰਦਾਂ ਦੀ ਰਿਪੋਰਟ ਦੀ ਤਾਰੀਫ਼ ਕੀਤੀ ਗਈ ਹੈ, ਪਰ ਇਸ ਰਿਪੋਰਟ ਵਿੱਚ ਪਾਰਟੀ ਪ੍ਰਧਾਨ ਨੂੰ ਬਦਲਣ ਦੀ ਕੋਈ ਗੱਲ ਹੀ ਨਹੀਂ ਕੀਤੀ ਗਈ।

ਪ੍ਰੈੱਸ ਕਾਨਫਰੰਸ ਵਿੱਚ ਅਕਾਲੀ ਆਗੂਆਂ, ਜਿਨ੍ਹਾਂ ਵਿੱਚ ਬੀਬੀ ਜਗੀਰ ਕੌਰ, ਵਿਰਸਾ ਸਿੰਘ ਵਲਟੋਹਾ, ਬਲਵਿੰਦਰ ਸਿੰਘ ਭੂੰਦੜ ਸ਼ਾਮਲ ਸਨ, ਨੇ ਕਿਹਾ ਕਿ ਪਾਰਟੀ ਨੇ ਝੂੰਦਾਂ ਕਮੇਟੀ ਦੀਆਂ ਸਿਫਾਰਸ਼ਾਂ ਮੰਨ ਲਈਆਂ ਹਨ ਅਤੇ ਅੱਗੋਂ ਲਾਗੂ ਕਰਨ ਦਾ ਆਖ਼ਰੀ ਫ਼ੈਸਲਾ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਕਰਨਗੇ।ਇੱਕਬਾਲ ਸਿੰਘ ਝੂੰਦਾਂ ਨੇ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਉਨ੍ਹਾਂ ਨੇ 100 ਵਿਧਾਨ ਸਭਾ ਹਲਕਿਆਂਵਿੱਚਲਈ ਫੀਡਬੈਕ ਉੱਤੇਇਹ ਰਿਪੋਰਟ ਬਣਾਈ ਹੈ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਰਾਸ਼ਟਰਪਤੀ ਚੋਣ ਸਮੇਂ ਅਕਾਲੀ ਵਿਧਾਇਕ ਗਰੁੱਪ ਦੇ ਆਗੂ ਮਨਪ੍ਰੀਤ ਸਿੰਘ ਇਆਲੀ ਦੇ ਬਗਾਵਤੀ ਸੁਰ ਚੁੱਕੇ ਤੇ ਇਕਬਾਲ ਸਿੰਘ ਝੂੰਦਾਂ ਕਮੇਟੀ ਦੀ ਰਿਪੋਰਟ ਲਾਗੂ ਕਰਨ ਦੀ ਮੰਗ ਕੀਤੀ ਸੀ। ਉਨ੍ਹਾਂ ਨੇ ਇਸਦਾ ਹਵਾਲਾ ਦੇ ਕੇ ਰਾਸ਼ਟਰਪਤੀ ਚੋਣ ਦਾ ਬਾਈਕਾਟ ਕੀਤਾ ਸੀ। ਅਕਾਲੀ ਦਲ ਵਿੱਚ ਲੀਡਰਸ਼ਿਪ ਬਦਲਣ ਦੀ ਮੰਗ ਲਗਾਤਾਰ ਜ਼ੋਰ ਫੜ ਰਹੀ ਸੀ ਅਤੇ ਪਾਰਟੀ ਦੇ ਕਈ ਆਗੂ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਤੋਂ ਖੁਸ਼ ਨਹੀਂ ਸਨ। ਉਨ੍ਹਾਂ ਦੀ ਮੰਗ ਸੀ ਕਿ ਇਕਬਾਲ ਸਿੰਘ ਝੂੰਦਾਂ ਕਮੇਟੀ ਦੀ ਰਿਪੋਰਟ ਮੁਤਾਬਕ ਲੀਡਰਸ਼ਿਪ ਬਦਲੀ ਜਾਵੇ, ਪਰ ਅੱਜ ਅਕਾਲੀ ਦਲ ਨੇ ਕਿਹਾ ਕਿ ਇਸ ਰਿਪੋਰਟ ਵਿੱਚ ਲੀਡਰਸ਼ਿਪ ਬਦਲ ਦੀ ਕੋਈ ਸਿਫਾਰਸ਼ ਹੀ ਨਹੀਂ ਕੀਤੀ ਗਈ।




# ਪਰਾਲੀ ਪ੍ਰਦੂਸ਼ਣ: ਪੰਜਾਬ ਸਰਕਾਰ ਨੇ ਕਿਸਾਨਾਂ ਨੂੰ 2500 ਰੁਪਏ ਪ੍ਰਤੀ ਏਕੜ ਦੇਣ ਦੀ ਤਜਵੀਜ਼ ਭੇਜੀ

* ਮਾਮਲਾ ਏਅਰ ਕੁਆਲਿਟੀ ਕਮਿਸ਼ਨ ਕੋਲ ਜਾ ਪਹੁੰਚਿਆ

ਨਵੀਂ ਦਿੱਲੀ, 27 ਜੁਲਾਈ, (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਪਰਾਲੀ ਸਾੜਨ ਨਾਲ ਹੁੰਦੇ ਪ੍ਰਦੂਸ਼ਣ ਬਾਰੇ ਏਅਰ ਕੁਆਲਿਟੀ ਕਮਿਸ਼ਨ ਨੂੰ ਤਜਵੀਜ਼ ਭੇਜੀ ਹੈ, ਜਿਸ ਦੀ ਜਾਣਕਾਰੀ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਿੱਤੀ ਅਤੇ ਇਸ ਬਾਰੇ ਛੇਤੀ ਵਿਚਾਰ ਹੋਣ ਦਾ ਭਰੋਸਾ ਪ੍ਰਗਟ ਕੀਤਾ ਹੈ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਦੇ ਕਿਸਾਨਾਂ ਦੀ 2500 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮਦਦ ਕਰਨ ਲਈ ਪੰਜਾਬ ਸਰਕਾਰ ਨੇ ਤਜਵੀਜ਼ ਭੇਜੀ, ਜਿਸਵਿੱਚ ਪੰਜਾਬ ਤੇ ਦਿੱਲੀ ਸਰਕਾਰਾਂ ਵੱਲੋਂ 500-500 ਰੁਪਏ ਅਤੇ ਕੇਂਦਰਵੱਲੋਂ 1500 ਰੁਪਏ ਦੇਣਨੂੰ ਕਿਹਾ ਗਿਆ ਹੈ।ਉਨ੍ਹਾ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਏਅਰ ਕੁਆਲਿਟੀ



ਕਮਿਸ਼ਨ ਨੂੰ ਭੇਜੀ ਤਜਵੀਜ਼ਵਿੱਚ ਕਿਸਾਨਾਂ ਨੂੰ ਢਾਈ ਹਜ਼ਾਰ ਰੁਪਏ ਏਕੜ ਨਾਲ ਮਦਦ ਦੀ ਗੱਲ ਹੈ ਤਾਂ ਕਿ ਉਹ ਪਰਾਲੀ ਸਾੜਨ ਤੋਂ ਹਟਾਏ ਜਾ ਸਕਣ ਅਤੇ ਪ੍ਰਦੂਸ਼ਣ ਘਟਾਇਆ ਜਾ ਸਕੇ।

ਵਰਨਣ ਯੋਗ ਹੈ ਕਿ ਅਕਤੂਬਰ ਅਤੇ ਨਵੰਬਰ ਦੇ ਮਹੀਨਿਆਂਵਿੱਚ ਦਿੱਲੀ ਦਾਪ੍ਰਦੂਸ਼ਣ ਪੱਧਰ ਤੇਜ਼ੀ ਨਾਲ ਵਧਦਾ ਹੈ ਤੇ ਇਸ ਦਾ ਮੁੱਖ ਕਾਰਨ ਪੰਜਾਬਅਤੇ ਹਰਿਆਣਾ ਦੇ ਕਿਸਾਨਾਂ ਵੱਲੋਂ ਝੋਨੇ ਦੀ ਪਰਾਲੀ ਸਾੜਨਾ ਕਿਹਾ ਜਾਂਦਾ ਹੈ। ਕਣਕ ਤੇ ਆਲੂ ਬੀਜਣ ਤੋਂ ਪਹਿਲਾਂ ਕਿਸਾਨ ਝੋਨੇ ਦੀ ਫ਼ਸਲ ਦੀ ਰਹਿੰਦ-ਖੂੰਹਦ ਸਾਂਭਣ ਲਈ ਪਰਾਲੀ ਸਾੜ ਦਿੰਦੇ ਹਨ। ਪੰਜਾਬ ਵਿੱਚ ਹਰ ਸਾਲ ਕਰੀਬ 2 ਕਰੋੜ ਟਨ ਪਰਾਲੀ ਹੁੰਦੀ ਹੈ। ਸਰਕਾਰੀ ਸੂਤਰਾਂ ਅਨੁਸਾਰ ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਨੂੰ ਨਕਦ ਮਦਦ ਦੇਣ ਦੀ ਤਜਵੀਜ਼ ਹੈ। ਇਸ ਸਕੀਮ ਦਾ 50 ਫੀਸਦੀ ਕੇਂਦਰ ਅਤੇ 25-25 ਫੀਸਦੀ ਦਿੱਲੀ ਅਤੇ ਪੰਜਾਬ ਸਰਕਾਰ ਨੂੰ ਦੇਣਾ ਹੋਵੇਗਾ। ਦਿੱਲੀ ਨੂੰ ਇਸ ਲਈ 25 ਫੀਸਦੀ ਲਾਗਤ ਝੱਲਣ ਦੀ ਲੋੜ ਹੈ ਕਿ ਪਰਾਲੀ ਤੋਂ ਨਿਕਲਦੇ ਧੂੰਏਂ ਕਾਰਨ ਦਿੱਲੀ ਸ਼ਹਿਰ ਸਭ ਤੋਂ ਵੱਧ ਪ੍ਰਭਾਵਿਤ ਹੁੰਦਾ ਹੈ।

## ਬਾਦਲ ਅਕਾਲੀ ਦਲ ਵਿੱਚ ਬਗਾਵਤੀ ਸੁਰਾਂ ਫਿਰ ਉੱਠੀਆਂ

ਜਲੰਧਰ, 27 ਜੁਲਾਈ (ਪੋਸਟ ਬਿਊਰੋ)- ਬਾਦਲ ਅਕਾਲੀ ਦਲ ਵਿੱਚ ਬਗਾਵਤੀ ਸੁਰਾਂ ਫਿਰ ਉੱਠ ਪਈਆਂ ਤੇ ਪਾਰਟੀ ਦੀ ਲੀਡਰਸ਼ਿਪ ਨੂੰ ਬਦਲਣ ਦੀ ਮੰਗ ਜ਼ੋਰ ਨਾਲ ਕੀਤੀ ਗਈ ਹੈ।

ਕੱਲ੍ਹ ਇੱਕ ਪ੍ਰੈਸ ਕਾਨਫਰੰਸ ਦੌਰਾਨ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਕਾਰਜਕਾਰੀ ਪ੍ਰਧਾਨ ਅਲਵਿੰਦਰਪਾਲ ਸਿੰਘ ਪੱਖੋਕੇ, ਮੀਤ ਪ੍ਰਧਾਨ ਰਮਨਦੀਪ ਸਿੰਘ ਭਰੋਵਾਲ ਅਤੇ ਹੋਰਨਾਂ ਨੇ ਕਿਹਾ ਕਿ ਪੰਥਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਦਾ ਜਨਮ ਸ਼ਹਾਦਤਾਂ ਵਿੱਚੋਂ ਹੋਇਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੋਚ ਉੱਤੇ ਪਹਿਰਾ ਦੇਣਾ ਅਤੇ ਗੁਰੂ ਉਪਦੇਸ਼ ਅਨੁਸਾਰ ਜ਼ਿੰਦਗੀ ਬਸਰ ਕਰਨ ਦੇ




ਮਹਾਨ ਕਾਰਜਾਂ ਨੂੰ ਅੱਗੇ ਵਧਾਉਣ ਲਈ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਪਾਰਟੀ ਨੇ ਹਮੇਸ਼ਾ ਪੰਜਾਬ, ਪੰਜਾਬੀਅਤ ਤੇ ਦੇ ਹੱਕਾਂ ਤੇ ਹਿੱਤਾਂ ਦੀ ਲੜਾਈ ਅੱਗੇ ਹੋ ਕੇ ਲੜੀ ਹੈ, ਪਰ ਅੱਜ ਦੀ ਕਾਬਜ਼ ਲੀਡਰਸ਼ਿਪ ਦਾ ਸਿੱਖੀ ਸਿਧਾਂਤਾਂ ਤੋਂ ਪਾਸਾ ਵੱਟਣਾ, ਖੁਦਗਰਜ਼ੀ ਨੂੰ ਪਹਿਲ ਦੇਣਾ, ਕਮਾਈ ਦਾ ਸਾਧਨ ਬਣਾ ਲੈਣਾ ਤੇ ਚੰਦ ਬੰਦਿਆਂ ਦੇ ਏਕਾ ਅਧਿਕਾਰ ਹੋ ਕੇ ਵਰਕਰਾਂ ਤੇ ਸਮਰਥਕਾਂ ਦੀ ਆਵਾਜ਼ ਨਾ ਸੁਣ ਕੇ ਲੋਕ ਮੁੱਦਿਆਂ ਤੋਂ ਭਟਕ ਜਾਣ ਕਾਰਨ ਇਸ ਵਿੱਚ ਨਿਘਾਰ ਆ ਜਾਣ ਕਾਰਨ ਲੋਕਾਂ ਦਾ ਪਾਰਟੀ ਤੋਂ ਮੋਹ ਭੰਗ ਹੋ ਗਿਆ ਹੈ।

ਅਲਵਿੰਦਰਪਾਲ ਸਿੰਘ ਪੱਖੋਕੇ ਨੇ ਕਿਹਾ ਕਿ ਇਸ ਕਾਰਨ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਝੂੰਦਾ ਕਮੇਟੀ ਬਣਾਈ ਸੀ, ਜਿਸ ਨੇ ਆਮ ਲੋਕਾਂ ਦੀ ਰਾਏ ਲਈ ਤੇ ਸਮੂਹ ਸੰਗਤ ਨੇ ਇੱਕੋ ਆਵਾਜ਼ ਵਿੱਚ ਪਾਰਟੀ ਆਗੂਆਂ ਨੂੰ ਬਦਲਣ ਦੀ ਮੰਗ ਕੀਤੀ। ਉਨ੍ਹਾਂ ਮੰਗ ਕੀਤੀ ਹੈ ਕਿ ਲੀਡਰਸ਼ਿਪ ਤੋਂ ਲੋਕ ਦੁਖੀ ਹਨ, ਇਸ ਕਰ ਇਸ ਨੂੰ ਹਟਾਇਆ ਜਾਵੇ।

## ਹਰਪਾਲ ਚੀਮਾ ਦਾ ਦਾਅਵਾ: ਪੰਜਾਬ ਦੇ ਸਾਰੇ ਯੋਗ ਕੱਚੇ ਕਾਮਿਆਂ ਨੂੰ ਜਲਦੀ ਖੁਸ਼ਖ਼ਬਰੀ ਮਿਲੇਗੀ

ਪਟਿਆਲਾ, 27 ਜੁਲਾਈ, (ਪੋਸਟ ਬਿਊਰੋ)- ਪੰਜਾਬ ਦੇ ਖਜ਼ਾਨਾ, ਯੋਜਨਾ ਅਤੇ ਐਕਸਾਈਜ਼ ਤੇ ਟੈਕਸੇਸ਼ਨ ਬਾਰੇ ਮੰਤਰੀ ਹਰਪਾਲ ਸਿੰਘ ਚੀਮਾ ਦਾ ਦਾਅਵਾ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਆਪਣੀ ਦਿੱਤੀ ਗਾਰੰਟੀ ਪੂਰੀ ਕਰਕੇ ਰਾਜ ਵਿੱਚ ਠੇਕੇ ਉੱਤੇ ਕੰਮ ਕਰਦੇ ਸਾਰੇ ਯੋਗ 36 ਹਜ਼ਾਰ ਕਾਮਿਆਂ ਨੂੰ ਹਰ ਹਾਲਤਪੱਕੇ ਕਰੇਗੀ ਤੇ ਇਸ ਦੀ ਖੁਸ਼ਖਬਰੀ ਜਲਦੀ ਮਿਲੇਗੀ। ਇਹ ਗੱਲਅੱਜਉਨ੍ਹਾਂ ਨੇ ਪਟਿਆਲਾ ਜ਼ਿਲ੍ਹੇ ਦੇ ਇੰਚਾਰਜ ਮੰਤਰੀ ਵਜੋਂ ਇਸ ਜ਼ਿਲ੍ਹੇਵਿੱਚ ਚੱਲਦੇ ਵੱਖ-ਵੱਖ ਵਿਕਾਸ ਕਾਰਜਾਂ ਦੀ ਸਮੀਖਿਆ ਕਰਨ ਵੇਲੇ ਕਹੀ।

ਏਥੇ ਸਰਕਟ ਹਾਊਸ ਵਿੱਚ



ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੱਚੇ ਤੇ ਠੇਕੇ ਉੱਤੇ ਕੰਮ ਕਰਦੇ ਲੋਕਾਂ ਨੂੰ ਪੱਕਾ ਕਰਨ ਲਈ ਮੁੱਖ ਮੰਤਰੀ ਵੱਲੋਂ ਬਣਾਈ ਕਮੇਟੀ ਦੀਆਂ ਲਗਾਤਾਰ ਮੀਟਿੰਗਾਂ ਵਿੱਚ ਇਸ ਉੱਤੇ ਕੰਮ ਹੋ ਰਿਹਾ ਹੈ।ਰਾਜ ਦੇ ਖ਼ਜ਼ਾਨੇ ਬਾਰੇ ਪੁੱਛਣ ਉੱਤੇ ਉਨ੍ਹਾ ਕਿਹਾ ਕਿ ਖ਼ਜ਼ਾਨਾ ਜਲਦੀ ਭਰੇਗਾ, ਕਿਉਂਕਿ ਸਰਕਾਰ ਦੀ ਨੀਤ ਸਾਫ਼ ਹੈ। ਉਨ੍ਹਾ ਕਿਹਾ ਕਿ ਪਿਛਲੀ ਸਰਕਾਰ ਨੇ 5 ਸਾਲ ਏਧਰ ਧਿਆਨ ਨਹੀਂ ਦਿੱਤਾ ਅਤੇ ਜੀਐੱਸਟੀ ਇਕੱਠਾ ਕਰਨ ਦੇ ਵੀ ਯਤਨ ਨਹੀਂ ਕੀਤੇ, ਪਰ ਸਾਡੀ ਸਰਕਾਰ ਨੇ ਜੀਐੱਸਟੀ ਦੀ ਕੁਲੈਕਸ਼ਨ ਵਧਾਈ ਹੈ। ਉਨ੍ਹਾ ਕਿਹਾ ਕਿ ਰਾਜ ਦੀ ਐਕਸਾਈਜ਼ ਨੀਤੀ ਤੋਂ ਪਿਛਲੇ ਸਾਲ 6200 ਕਰੋੜ ਰੁਪਏ ਮਿਲੇ ਸਨ ਅਤੇ ਇਸ ਸਾਲ 9600 ਕਰੋੜ ਦਾ ਟੀਚਾ ਹੈ। ਪੰਜਾਬੀ ਯੂਨੀਵਰਸਿਟੀ ਬਾਰੇ ਉਨ੍ਹਾਂ ਕਿਹਾ ਕਿ ਇਸ ਦੇ 150 ਕਰੋੜ ਰੁਪਏ ਦੇ ਕਰਜ਼ੇ ਲਾਹੁਣ ਲਈ ਸਰਕਾਰ ਗੰਭੀਰ ਹੈ, ਜਦਕਿ ਇਸ ਦੀ ਸਾਲਾਨਾ ਗ੍ਰਾਂਟ 114 ਕਰੋੜ ਤੋਂ ਵਧਾ ਕੇ 200 ਕਰੋੜ ਰੁਪਏ ਕਰ ਦਿੱਤੀ ਹੈ।

## ਅੱਜ ਨਾਮਾ

ਕਰਦੀ ਪਈ ਖੋਜ ਸਰਕਾਰ ਪੰਜਾਬ ਵਾਲੀ,
ਲੱਭਿਆ ਢੁਕਵਾਂ ਨਹੀਂ ਅਜੇ ਵਕੀਲ ਬੇਲੀ।
ਚੱਲਦੀ ਜਿਹੜੇ ਦੀ ਰਤਾ ਕੁ ਗੱਲ ਸੁਣਦੀ,
ਵਿਰੋਧੀ ਲੈਂਦੇ ਕੋਈ ਖੋਜ ਤਫਸੀਲ ਬੇਲੀ।
ਕਿਸੇ ਨੇ ਕਿਸੇ ਦਾ ਹੁੰਦਾ ਹੈ ਕੇਸ ਲੜਿਆ,
ਕਿਸੇ ਲਈ ਕਰੀ ਆ ਹੁੰਦੀ ਅਪੀਲ ਬੇਲੀ।
ਲੀਡਰ ਕਿਸੇ ਦਾ ਕਿਸੇ ਨੂੰ ਕਹਿਣ ਮਿੱਤਰ,
ਕਿਸੇ ਦੀ ਕਿਸੇ ਨਾਲ ਸੁਣੀਂਦੀ ਡੀਲ ਬੇਲੀ।
ਕਿਸੇ ਨੂੰ ਮਰਗ ਦੇ ਭੋਗ'ਤੇ ਕੋਈ ਮਿਲਿਆ,
ਮੰਗਵਾ ਕੇ ਜਾਂਦੀ ਉਹ ਫੋਟੋ ਘੁੰਮਾਈ ਬੇਲੀ।
ਕਰਦਾ ਈ ਮੀਡੀਆ ਥੋੜ੍ਹੀ ਕੁ ਆਪ ਚਰਚਾ,
ਬਹੁਤੀ ਹੁੰਦੀ ਨਹੀਂ, ਜਾਵੇ ਕਰਵਾਈ ਬੇਲੀ।

**ਤੀਸ ਮਾਰ ਖਾਂ**

## ਨਗਰ ਨਿਗਮ ਲੁਧਿਆਣਾ ਨੂੰ 100 ਕਰੋੜ ਰੁਪਏ ਜੁਰਮਾਨਾ

* ਅੱਗ ਨਾਲ ਸੱਤ ਜਣਿਆਂ ਦੀ ਮੌਤ ਉੱਤੇ ਐਨ ਜੀ ਟੀ ਵੱਲੋਂ ਹੁਕਮ

ਲੁਧਿਆਣਾ, 27 ਜੁਲਾਈ (ਪੋਸਟ ਬਿਊਰੋ)- ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐੱਨ ਜੀ ਟੀ) ਨੇ ਨਗਰ ਨਿਗਮ ਲੁਧਿਆਣਾ ਨੂੰ 100 ਕਰੋੜ ਰੁਪਏ ਦਾ ਜੁਰਮਾਨਾ ਲਗਾਇਆ ਹੈ, ਜਿਸ ਨੂੰ ਕਾਫੀ ਸਖਤ ਸਮਝਿਆ ਜਾ ਰਿਹਾ ਹੈ।

ਲੁਧਿਆਣੇ ਵਿੱਚੋਂ ਨਿਕਲੇ ਕੂੜੇ ਨੂੰ ਵੱਖ-ਵੱਖ ਥਾਵਾਂ ਤੋਂ ਚੁੱਕ ਕੇ ਤਾਜਪੁਰ ਰੋਡ ਦੇ ਮੁੱਖ ਕੂੜਾ ਡੰਪ ਉੱਤੇ ਪੁੱਜਦਾ ਕੀਤਾ ਜਾਂਦਾ ਹੈ। ਇੱਥੇ ਬੀਤੀ ਪੰਦਰਾਂ ਅਪ੍ਰੈਲ ਦੀ ਰਾਤ ਕੂੜੇ ਨੂੰ ਅੱਗ ਲੱਗਣ ਨਾਲ ਸੱਤ ਲੋਕਾਂ ਦੀ ਮੌਤ ਹੋ ਗਈ ਸੀ। ਇਹ ਮਾਮਲਾ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨ ਜੀ ਟੀ) ਕੋਲ ਪੁੱਜਣ ਪਿੱਛੋਂ ਟ੍ਰਿਬਿਊਨਲ ਦੀ ਟੀਮ ਨੇ ਹਾਦਸੇ ਵਾਲੀ ਜਗ੍ਹਾ ਦੀ ਜਾਂਚ ਕੀਤੀ ਸੀ। ਇਸ ਮਗਰੋਂ ਐਨ ਜੀ ਟੀ ਨੇ ਨਗਰ ਨਿਗਮ ਲੁਧਿਆਣਾ ਨੂੰ 100 ਕਰੋੜ ਰੁਪਏ ਇੱਕ ਮਹੀਨੇ ਵਿੱਚ ਜ਼ਿਲ੍ਹਾ ਮੈਜਿਸਟਰੇਟ ਕੋਲ ਜਮ੍ਹਾਂ ਕਰਾਉਣ ਦੇ ਨਿਰਦੇਸ਼ ਦਿੱਤੇ ਹਨ।

ਵਰਨਣ ਯੋਗ ਹੈ ਕਿ ਐਨ ਜੀ ਟੀ ਨੇ ਇਸ ਮਾਮਲੇ ਦੀ ਸੁਣਵਾਈ ਮੀਡੀਆ ਰਿਪੋਰਟਾਂ ਦੇ ਆਧਾਰ




ਉੱਤੇ ਸ਼ੁਰੂ ਕੀਤੀ ਸੀ। ਇਸ ਘਟਨਾ ਵਿੱਚ ਮਰਨ ਵਾਲਿਆਂ ਵਿੱਚਬਹੁਤੇ ਉਸ ਜਗ੍ਹਾਰਹਿ ਕੇ ਕੂੜੇ ਦੀ ਸਫਾਈ ਕਰਨ ਵਾਲੇ ਲੋਕ ਸਨ, ਜੋ ਪਿਛਲੇ ਦਸ ਸਾਲਾਂ ਤੋਂ ਕੂੜਾ ਡੰਪਿੰਗ ਸਾਈਟ ਕੋਲ ਰਹਿੰਦੇ ਸਨ। ਐਨ ਜੀ ਟੀ ਵੱਲੋਂ 25 ਜੁਲਾਈ ਨੂੰ ਜਾਰੀ ਕੀਤੇ ਹੁਕਮਾਂ ਅਨੁਸਾਰ ਜੇ ਨਗਰ ਨਿਗਮ ਜੁਰਮਾਨੇ ਦੀ ਰਾਸ਼ੀ ਜਮ੍ਹਾ ਕਰਾਉਣਤੋਂ ਅਸਮਰੱਥ ਹੈ ਤਾਂ ਉਸ ਦੀ ਥਾਂ ਸੂਬਾ ਸਰਕਾਰ ਇਸ ਰਕਮ ਨੂੰ ਜਮ੍ਹਾ ਕਰਵਾ ਸਕਦੀ ਹੈ।ਐਨ ਜੀ ਟੀ ਦੇ ਚੀਫ ਜਸਟਿਸ ਆਦਰਸ਼ ਕੁਮਾਰ ਗੋਇਲ ਦੀ ਅਗਵਾਈ ਵਾਲੀ ਕਮੇਟੀ ਨੇ ਕਿਹਾ ਕਿ ਡੰਪ ਵਾਲੀ ਜਗ੍ਹਾ ਸੱਤ ਲੋਕਾਂ ਦੀ ਮੌਤ ਲਈ ਨਗਰ ਨਿਗਮ ਮੁਆਵਜ਼ਾ ਦੇਣ ਲਈ ਜ਼ਿੰਮੇਵਾਰ ਹੈ।


















# ਪੰਜਾਬ ਸਰਕਾਰ ਵੱਲੋਂ ਬਰਖ਼ਾਸਤ ਤਿੰਨੇ ਰਿਸ਼ਵਤਖੋਰ ਪੁਲਸ ਮੁਲਾਜ਼ਮ ਹਿਮਾਚਲ ਪ੍ਰਦੇਸ਼ ਤੋਂ ਗ੍ਰਿਫ਼ਤਾਰ



ਫਿਰੋਜ਼ਪੁਰ, 27 ਜੁਲਾਈ, (ਪੋਸਟ ਬਿਊਰੋ)- ਲੁਧਿਆਣਾ ਦੇ ਇੱਕ ਵਪਾਰੀ ਨੂੰ ਹੈਰੋਇਨ ਦੇ ਕੇਸ ਵਿਚ ਫਸਾ ਕੇ 81 ਲੱਖ ਰੁਪਏ ਵਸੂਲਣ ਦੇ ਦੋਸ਼ ਵਿੱਚ ਪੰਜਾਬ ਸਰਕਾਰ ਵੱਲੋਂ ਬਰਖਾਸਤ ਕੀਤੇ ਇੱਕ ਪੁਲੀਸ ਇੰਸਪੈਕਟਰ, ਇੱਕਥਾਣੇਦਾਰ ਤੇ ਇੱਕ ਹਵਾਲਦਾਰ ਨੂੰ ਫ਼ਿਰੋਜ਼ਪੁਰ ਪੁਲੀਸ ਨੇ ਅੱਜ ਬੁੱਧਵਾਰ ਨੂੰ ਹਿਮਾਚਲ ਪ੍ਰਦੇਸ਼ ਦੇ ਊਨਾ ਤੋਂ ਗ੍ਰਿਫ਼ਤਾਰ ਕਰ ਲਿਆਹੈ। ਨੌਕਰੀ ਤੋਂ ਬਰਖਾਸਤ ਕੀਤੇ ਜਾਣ ਵੇਲੇ ਤੋਂ ਇਹ ਤਿੰਨੇ ਫ਼ਰਾਰ ਚਲੇ ਆ ਰਹੇ ਸਨ।

ਵਰਨਣ ਯੋਗ ਹੈ ਕਿ ਨਾਰਕੋਟਿਕਸ ਕੰਟਰੋਲ ਸੈੱਲਦੇ ਇੰਸਪੈਕਟਰ ਪਰਮਿੰਦਰ ਸਿੰਘ ਬਾਜਵਾ, ਏਐਸਆਈ ਅੰਗਰੇਜ਼ ਸਿੰਘ ਤੇ ਹਵਾਲਦਾਰ ਜੋਗਿੰਦਰ ਸਿੰਘ ਉੱਤੇ ਦੋਸ਼ ਹੈ ਕਿ ਇਨ੍ਹਾਂ ਨੇ ਦੋ ਜਣਿਆਂ ਨੂੰ ਨਸ਼ੇ ਦੇ ਕੇਸਵਿੱਚ ਫਸਾਉਣ ਦਾ ਡਰਾਵਾ ਦੇ ਕੇ 81 ਲੱਖ ਰੁਪਏ ਵਸੂਲੇ ਸਨ। ਮੁੱਢਲੇ ਤੌਰ ਉੱਤੇ ਪੁਲੀਸ ਨੇ ਇਨ੍ਹਾਂ ਤਿੰਨਾਂ ਉੱਤੇ ਕੇਸ ਦਰਜ ਕੀਤਾ ਹੈ, ਪਰ ਵਿਭਾਗੀ ਸੂਤਰਾਂ ਅਨੁਸਾਰ ਇਸ ਵਿੱਚਓਦੋਂ ਦਾ ਇੱਕ ਉੱਚ ਪੁਲੀਸ ਅਫਸਰ ਮੁੱਖ ਤੌਰ ਉੱਤੇਸ਼ਾਮਲ ਹੋਣ ਦੀ ਗੱਲ ਨਿਕਲਦੀ ਹੈ। ਮੀਡੀਆ ਵਿੱਚ ਚਰਚਾ ਹੈ ਕਿ ਉਸ ਅਫਸਰ ਦੀ ਭਾਈਵਾਲੇ ਬਿਨਾਂ ਇਹ ਤਿੰਨੇ ਏਡੀ ਰਕਮ ਹਜ਼ਮ ਨਹੀਂ ਕਰ ਸਕਦੇ।ਇਸ ਬਾਰੇ ਫਿਰੋਜ਼ਪੁਰ ਦੇ ਨਵੇਂਆਏ ਜ਼ਿਲਾ ਪੁਲਸ ਮੁਖੀ ਸੁਰਿੰਦਰ ਲਾਂਬਾ ਨੇ ਕਿਹਾ ਕਿ ਜਾਂਚ ਮੁੱਢਲੇ ਦੌਰ ਵਿੱਚ ਹੈ। ਦੋਸ਼ੀਆਂ ਤੋਂ ਪੁੱਛਗਿੱਛ ਵਿੱਚ ਜੋ ਤੱਥ ਪਤਾ ਲੱਗਣਗੇ, ਉਸ ਆਧਾਰ ਉੱਤੇ ਕਾਰਵਾਈ ਕੀਤੀ ਜਾਵੇਗੀ ।

ਥਾਣਾ ਫਿਰੋਜ਼ਪੁਰ ਛਾਉਣੀ ਵਿਖੇ ਬੀਤੇ ਦਿਨੀਂ ਦਰਜ ਐਨਡੀਪੀਐਸ (ਨਸ਼ੀਲੇ ਪਦਾਰਥਾਂ ਬਾਰੇ ਕਾਨੂੰਨ) ਦੇ ਕੇਸ ਬਾਰੇ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਗੌਰਵ ਯਾਦਵ ਨੇ ਦੱਸਿਆ ਸੀ ਕਿ ਐਂਟੀ ਨਾਰਕੋਟਿਕ ਸੈੱਲ ਫਿਰੋਜ਼ਪੁਰ ਦੀ ਟੀਮ ਦੇ ਇੰਸਪੈਕਟਰ ਬਾਜਵਾ, ਏਐਸਆਈ ਅੰਗਰੇਜ ਸਿੰਘ ਤੇ ਹਵਾਲਦਾਰ ਜੋਗਿੰਦਰ ਸਿੰਘਨੇ ਹੋਰ ਪੁਲਿਸ ਵਾਲਿਆਂ ਨਾਲ ਮਿਲ ਕੇ 20 ਜੁਲਾਈ ਨੂੰ ਦੋ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਤੇ ਉਨ੍ਹਾਂ ਉੱਤੇ 1 ਕਿਲੋ ਹੈਰੋਇਨ ਪਾ ਕੇ ਅਤੇ ਉਨ੍ਹਾਂ ਦੇ ਕਬਜ਼ੇਵਿੱਚੋਂ 5 ਲੱਖ ਰੁਪਏ ਮਿਲੇ ਦੱਸ ਕੇ ਨਸ਼ੇ ਦਾ ਕੇਸ ਦਰਜ ਕਰਾਇਆ ਸੀ।ਡੀਜੀਪੀ ਮੁਤਾਬਿਕ ਇੱਕ ਵਿਅਕਤੀ ਨੇ ਪੁਲਿਸ ਵੱਲੋਂ ਉਨ੍ਹਾਂ ਨਾਲ ਲੱਖਾਂ ਦੀ ਹੇਰਾਫੇਰੀ ਦੀ ਸ਼ਿਕਾਇਤ ਕੀਤੀ ਤਾਂ ਜਾਂਚ ਤੋਂ ਪਤਾ ਲੱਗਾ ਕਿ ਪੁਲਿਸ ਮੁਲਾਜ਼ਮਾਂ ਨੇ ਸਾਰਾਨਾਟਕਰਚਿਆ ਤੇ ਦੋਵਾਂ ਨੂੰ ਫਸਾਉਣ ਦੀ ਨੀਤ ਨਾਲ ਪੈਸੇ ਹੜੱਪੇ ਸਨ। ਉਨ੍ਹਾਂ ਕਿਹਾਕਿ ਪੁੱਛਗਿੱਛ ਦੌਰਾਨ ਪੁਲਿਸ ਮੁਲਾਜ਼ਮਾਂ ਕੋਲ ਕੋਈ ਸਪੱਸ਼ਟੀਕਰਨ ਨਹੀਂ ਸੀ ਤੇ ਫਿਰ ਉਹ ਫਰਾਰ ਹੋ ਗਏ ਤਾਂ ਸ਼ੱਕ ਹੋਰ ਵਧ ਗਿਆ।ਇਹ ਵੀ ਦੱਸਣ ਯੋਗ ਹੈ ਕਿ ਦੋਸ਼ੀਆਂ ਦੇ ਫ਼ਰਾਰ ਹੋਣ ਪਿੱਛੋਂ ਜ਼ਿਲ੍ਹਾ ਪੁਲੀਸ ਨੇ ਉਨ੍ਹਾਂ ਦੀ ਭਾਲ ਵਿੱਚ ਕਈ ਟੀਮਾਂ ਲਾਈਆਂ ਸਨ, ਜਿਨ੍ਹਾਂ ਵਿਚੋਂ ਇੱਕ ਟੀਮ ਨੇ ਉਨ੍ਹਾਂ ਨੂੰ ਹਿਮ-ਾਚਲ ਪ੍ਰਦੇਸ਼ ਦੇ ਊਨਾ ਸ਼ਹਿਰ ਤੋਂ ਗ੍ਰਿਫ਼ਤਾਰ ਕਰ ਲਿਆ ਹੈ।

# ਪ੍ਰੀਖਿਆ ਦੇਣ ਆਏ ਵਿਦਿਆਰਥੀ ਦਾ ਕੜਾ ਲੁਹਾਇਆ, ਰੋਸ ਹੋਣ ਦੇ ਬਾਅਦ ਪ੍ਰਿੰਸੀਪਲ ਨੇ ਮੁਆਫੀ ਮੰਗੀ



ਬਠਿੰਡਾ, 27 ਜੁਲਾਈ (ਪੋਸਟ ਬਿਊਰੋ)- ਇੱਥੋਂ ਦੇ ਮਲੋਟ ਰੋਡ ਉੱਤੇ ਰੀਜਨਲ ਪੋਲੀਟੈਕਨਿਕ ਕਾਲਜ ਵਿੱਚ ਕੱਲ੍ਹ ਜੇ ਈ ਮੇਨਸੈਸ਼ਨ ਦੂਸਰਾ ਦੀ ਪ੍ਰੀਖਿਆ ਦੇਣ ਆਏ ਵਿਦਿਆਰਥੀ ਦਾ ਕਾਲਜ ਪ੍ਰਬੰਧਕਾਂ ਨੇ ਕੜਾ ਲੁਹਾ ਲਿਆ ਤਾਂ ਵਿਵਾਦ ਖੜ੍ਹਾ ਹੋ ਗਿਆ। ਬਾਅਦ ਵਿੱਚ ਲੋਕਾਂ ਵੱਲੋਂ ਰੋਸ ਕਰਨ ਉੱਤੇ ਪ੍ਰਿੰਸੀਪਲ ਨੇ ਮੁਆਫੀ ਮੰਗ ਲਈ।

ਇਸ ਸੰਬੰਧ ਵਿੱਚ ਅਬੋਹਰ ਤੋਂ ਆਏ ਵਿਦਿਆਰਥੀ ਸ਼ਗਨਪ੍ਰੀਤ ਸਿੰਘ ਨੇ ਦੋਸ਼ ਲਾਇਆ ਕਿ ਕਾਲਜ ਦੇ ਪ੍ਰਿੰਸੀਪਲ ਨੇ ਉਸ ਨੂੰ ਗੇਟ ਉੱਤੇ ਰੋਕ ਕੇ ਕੜਾ ਲਾਹੁਣ ਨੂੰ ਕਿਹਾ ਅਤੇ ਚਿਤਾਵਨੀ ਦਿੱਤੀ ਕਿ ਜੇ ਬਾਂਹ ਵਿੱਚੋਂ ਕੜਾ ਨਹੀਂ ਉਤਾਰੇਗਾ ਤਾਂ ਉਸ ਨੂੰ ਪੇਪਰ ਨਹੀਂ ਦੇਣ ਦਿੱਤਾ ਜਾਵੇਗਾ।ਵਿਦਿਆਰਥੀ ਦਾ ਕੜਾ ਉਤਾਰਨ ਬਾਰੇ ਪਤਾ ਲੱਗਦੇ ਸਾਰ ਅਕਾਲੀ ਦਲ (ਅੰਮ੍ਰਿਤਸਰ) ਦੇ ਜ਼ਿਲ੍ਹਾ ਪ੍ਰਧਾਨ ਪਰਮਿੰਦਰ ਸਿੰਘ ਬਾਲਿਆਂਵਾਲੀ ਓਥੇ ਪਹੁੰਚੇ ਤੇ ਉਨ੍ਹਾਂ ਨੇ ਕਾਲਜ ਪ੍ਰਬੰਧਕਾਂ ਦਾ ਵਿਰੋਧ ਕੀਤਾ। ਇਸ ਦੌਰਾਨ ਉਨ੍ਹਾਂ ਨੇ ਸਿੱਖ ਵਿਦਿਆਰਥੀਆਂ ਦੀਆਂ ਭਾਵਨਾਵਾਂ ਨੂੰ ਠੇਸ ਲਾਉਣ ਦਾ ਕੇਸ ਦਰਜ ਕਰਨ ਦੀ ਮੰਗ ਕੀਤੀ ਤਾਂ ਕਾਲਜ ਪ੍ਰਿੰਸੀਪਲ ਸੰਦੀਪ ਸਿੰਘ ਨੇ ਆਪਣਾ ਪੱਖ ਰੱਖਦੇ ਹੋਏ ਕਿਹਾ ਕਿ ਜੇ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ ਤਾਂ ਉਹ ਵਿਦਿਆਰਥੀ ਅਤੇ ਸਿੱਖ ਜਥੇਬੰਦੀਆਂ ਤੋਂ ਮੁਆਫੀ ਮੰਗਦੇ ਹਨ।

ਦੂਸਰੇ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਰੀਜਨਲ ਪੋਲੀਟੈਕਨਿਕ ਕਾਲਜ ਬਠਿੰਡਾ ਵਿੱਚ ਪ੍ਰਸ਼ਾਸਨ ਵੱਲੋਂ ਪ੍ਰੀਖਿਆ ਦੌਰਾਨ ਸਿੱਖ ਵਿਦਿਆਰਥੀਆਂ ਨੂੰ ਕੜੇ ਲਾਹੁਣ ਦੇ ਲਈ ਮਜਬੂਰ ਕਰਨ ਦਾ ਸਖਤ ਵਿਰੋਧ ਕੀਤਾ ਅਤੇ ਦੱਸਿਆ ਕਿ ਇਸ ਦੀ ਆਪਣੇ ਪੱਧਰ ਉੱਤੇ ਜਾਂਚ ਲਈ ਸ਼੍ਰੋਮਣੀ ਕਮੇਟੀ ਨੇ ਟੀਮ ਭੇਜੀ ਹੈ। ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੜਾ ਉਤਾਰਨ ਲਈ ਸਿੱਖ ਵਿਦਿਆਰਥੀ ਨੂੰ ਮਜਬੂਰ ਕਰਨ ਦੀ ਘਟਨਾ ਬਾਰੇ ਕਿਹਾ ਕਿ ਇਸ ਪਿੱਛੇ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਦੀ ਸਾਜ਼ਿਸ਼ ਲੱਗਦੀ ਹੈ।

# ਦਰਗਾਹ ਦੇ ਸੇਵਾਦਾਰ ਦਾ ਕਤਲ



ਜਲੰਧਰ ਛਾਉਣੀ, 27 ਜੁਲਾਈ (ਪੋਸਟ ਬਿਊਰੋ)- ਇਸ ਜ਼ਿਲੇ ਦੇ ਥਾਣਾ ਪਤਾਰਾ ਦੇ ਪਿੰਡ ਸੈਮੀ ਵਿੱਚ ਇੱਕ ਦਰਗਾਹ ਦੇ ਸੇਵਾਦਾਰ ਦਾ ਤੇਜ਼ਧਾਰ ਹਥਿਆਰ ਨਾਲ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਹੈ। ਮ੍ਰਿਤਕ ਦੀ ਪਛਾਣ ਜਗਦੀਸ਼ ਲਾਲ ਪੁੱਤਰ ਜੀਤ ਰਾਮ ਪਿੰਡ ਸੈਮੀ ਵਜੋਂ ਹੋਈ ਹੈ, ਜਿਸ ਦੀ ਜਾਂਚ ਕੀਤੀ ਜਾ ਰਹੀ ਹੈ।

ਅਜੇ ਕੁਮਾਰ ਪੁੱਤਰ ਜਗਦੀਸ਼ ਲਾਲ ਪਿੰਡ ਸੇਮੀ, ਮੌਜੂਦਾ ਵਾਸੀ ਅਲੀਪੁਰ, ਜਮਸ਼ੇਰ ਨੇ ਦੱਸਿਆ ਕਿ ਉਹ ਆਪਣੇ ਛੋਟੇ ਭਰਾ ਰਾਮਚੰਦ ਤੇ ਮਾਤਾ ਗੁਰਬਖਸ਼ ਕੌਰ ਨਾਲ ਆਪਣੇ ਨਾਨਕੇ ਪਿੰਡ ਅਲੀਪੁਰ ਰਹਿੰਦਾ ਹੈ ਤੇ ਪਿਤਾ ਜਗਦੀਸ਼ ਲਾਲ ਜੁੰਮੇ ਸ਼ਾਹ ਪਿੰਡ ਸੈਮੀ ਵਿੱਚ ਪੀਰ ਬਾਬਾ 11ਵੀਂ ਵਾਲੀ ਸਰਕਾਰ ਦੀ ਦਰਗਾਹ ਉੱਤੇ ਸੰਨ 2009 ਤੋਂ ਸੇਵਾ ਕਰ ਰਿਹਾ ਸੀ ਅਤੇ ਦਰਗਾਹ ਉੱਤੇ ਇਕੱਲਾ ਰਹਿੰਦਾ ਸੀ। ਕੱਲ੍ਹ ਸਵੇਰੇ ਸੱਤ ਵਜੇ ਪਿੰਡ ਦੇ ਦੋ ਲੋਕਾਂ ਨੇ ਫੋਨ ਕੀਤਾ ਕਿ ਤੇਰੇ ਪਿਤਾ ਨੂੰ ਕਿਸੇ ਨੇ ਕਤਲ ਕਰ ਦਿੱਤਾ ਹੈ।ਮ੍ਰਿਤਕ ਦੇ ਬੇਟੇ ਅਜੇ ਕੁਮਾਰ ਨੇ ਪੁਲਸ ਨੂੰ ਦੱਸਿਆ ਕਿ ਜਦੋਂ ਉਹ ਆਪਣੇ ਪਰਵਾਰ ਨਾਲ ਪਿੰਡ ਸੈਮੀ ਵਿੱਚ ਪਹੁੰਚੇ ਤਾਂ ਦੇਖਿਆ ਕਿ ਉਸਦੀ ਪਿਤਾ ਦੀ ਮੌਤ ਹੋ ਚੁੱਕੀ ਸੀ। ਪੁਲਸ ਜ਼ਿਲਾ ਦਿਹਾਤੀ ਦੇ ਐਸ ਪੀ (ਇਨਵੈਸਟੀਗੇਸ਼ਨ) ਸਰਬਜੀਤ ਸਿੰਘ ਬਾਹੀਆ ਨੇ ਕਿਹਾ ਕਿ ਪੁਲਸ ਦੀ ਜਾਂਚ ਮੁਤਾਬਕ ਜਗਜੀਸ਼ ਲਾਲ ਦਾ ਕਿਸੇ ਨਾਲ ਜ਼ਮੀਨੀ ਝਗੜਾ ਚੱਲਦਾ ਸੀ ਤੇ ਸ਼ੱਕ ਹੈ ਕਿ ਉਸੇ ਨੇ ਜਗਦੀਸ਼ ਲਾਲ ਦਾ ਕਤਲ ਕੀਤਾ ਹੈ। ਉਨ੍ਹਾਂ ਕਿਹਾ ਕਿ ਪੁਲਸ ਕਾਤਲ ਨੂੰ ਫੜਨ ਲਈ ਹਰ ਪਹਿਲੂ ਤੋਂ ਜਾਂਚ ਕਰ ਰਹੀ ਹੈ।

# ਆਪ ਪਾਰਟੀ ਸਰਕਾਰ ਅਕਾਲੀ ਦਲ ਦੇ ‘ਦੋਹਰੇ ਸੰਵਿਧਾਨ’ ਦੇ ਕੇਸ ਦੀ ਪੈਰਵੀ ਕਰੇ : ਖੇੜਾ

ਚੰਡੀਗੜ੍ਹ, 27 ਜੁਲਾਈ (ਪੋਸਟ ਬਿਊਰੋ)- ਅਕਾਲੀ ਦਲ (ਬਾਦਲ) ਦੇ ਦੋਹਰੇ ਸੰਵਿਧਾਨ ਦੇ ਦਿੱਲੀ ਹਾਈ ਕੋਰਟ ਵਿੱਚ ਚੱਲਦੇ ਕੇਸ ਦੀ ਪੰਜਾਬ ਸਰਕਾਰ ਵੱਲੋਂ ਪੈਰਵੀ ਕਰਵਾਉਣ ਅਤੇ ਕੁਝ ਹੋਰ ਮੰਗਾਂ ਲਈ ਸੋਸ਼ਲਿਸਟ ਪਾਰਟੀ (ਇੰਡੀਆ) ਦੇ ਸਾਬਕਾ ਪ੍ਰਧਾਨ ਬਲਵੰਤ ਸਿੰਘ ਖੇੜਾ ਦੀ ਅਗਵਾਈ ਹੇਠ ਇੱਕ ਵਫ਼ਦ ਨੇ ਪੰਜਾਬ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨਾਲ ਮੁਲਾਕਾਤ ਕੀਤੀ ਹੈ। ਇਸਵਫ਼ਦ ਵਿੱਚ ਹੋਰਨਾਂ ਤੋਂ ਇਲਾਵਾ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਵੀ ਸਨ। ਮੀਟਿੰਗ ਪਿੱਛੋਂ ਪੱਤਰਕਾਰ ਮਿਲਣੀ ਦੌਰਾਨ ਬਲਵੰਤ ਸਿੰਘ ਖੇੜਾ ਤੇ ਹੋਰਨਾਂ ਨੇ ਦੱਸਿਆ ਕਿ ਅਕਾਲੀ ਦਲ ਦੇ ਦੋਹਰੇ ਸੰਵਿਧਾਨ ਕਾਰਨ ਅਕਾਲੀ ਦਲ ਦੀ ਮਾਨਤਾ ਰੱਦ ਕਰਨ ਦੀ ਮੰਗ ਲਈਦਿੱਲੀ ਹਾਈ ਕੋਰਟ ਵਿੱਚ ਬਲਵੰਤ ਸਿੰਘ ਖੇੜਾ ਵੱਲੋਂਪਾਸੇ ਕੇਸ ਵਿੱਚ ਕਾਰਵਾਈ ਤੇਜ਼ ਹੋ ਗਈ ਹੈ ਤੇ ਹਾਈ ਕੋਰਟ ਨੇ ਭਾਰਤੀ ਚੋਣ ਕਮਿਸ਼ਨ ਤੋਂ ਪੁੱਛ ਲਿਆ ਹੈ ਕਿ ਇਸ ਬਾਰੇ ਕੀ ਕਾਰਵਾਈ ਕੀਤੀ ਗਈ ਜਾਂ ਕੀ ਫ਼ੈਸਲਾ ਲਿਆ ਗਿਆ ਹੈ।

ਵਰਨਣ ਯੋਗ ਹੈ ਕਿ ਅਕਾਲੀ ਦਲ ਬਾਦਲ ਦੀ ਮਾਨਤਾ ਰੱਦ ਕਰਾਉਣ ਲਈ ਬਲਵੰਤ ਸਿੰਘ ਖੇੜਾ ਨੇ ਦਿੱਲੀ ਹਾਈ ਕੋਰਟ ਵਿੱਚ ਕੇਸ ਕੀਤਾ ਹੋਇਆ ਹੈ ਅਤੇ ਦੂਸਰੇ ਪਾਸੇ ਉਨ੍ਹਾਂ ਨੇ ਹੁਸ਼ਿਆਰਪੁਰ ਅਦਾਲਤ ਵਿੱਚ ਅਪਰਾਧਕ ਸ਼ਿਕਾਇਤ ਦੇ ਕੇ ਅਕਾਲੀ ਦਲ ਬਾਦਲ ਦੇ ਆਗੂਆਂ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਤੇ ਡਾਕਟਰ ਦਲਜੀਤ ਸਿੰਘ ਚੀਮਾ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਸੀ ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇਸ ਮੰਗ ਵਿਰੁੱਧ ਅਕਾਲੀ ਆਗੂਆਂ ਦੇ ਕੇਸ ਰੱਦ ਕਰ ਦਿੱਤੇ ਸੀ।ਅੱਜਕੱਲ੍ਹ ਹੁਸ਼ਿਆਰਪੁਰ ਅਦਾਲਤ ਵਿੱਚ ਗਵਾਹੀਆਂ ਚਲ ਰਹੀਆਂ ਹਨ। ਇਸ ਮਾਮਲੇ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਅਕਾਲੀ ਆਗੂਆਂ ਵਿਰੁੱਧ ਦਿੱਤੇ ਫ਼ੈਸਲੇ ਨੂੰ ਅਕਾਲੀ ਦਲ ਨੇ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਹੋਈ ਹੈ। ਦਿੱਲੀ ਹਾਈ ਕੋਰਟ ਵਿੱਚ ਚੱਲਦੇ ਕੇਸ ਤੇ ਸੁਪਰੀਮ ਕੋਰਟ ਵਿੱਚ ਚੱਲਦੇ ਕੇਸਾਂ ਦੀ ਪੰਜਾਬ ਸਰਕਾਰ ਵੱਲੋਂ ਪੈਰਵੀ ਕਰਵਾਉਣ ਲਈ ਬਲਵੰਤ ਸਿੰਘ ਖੇੜਾ ਤੇ ਹੋਰਨਾਂ ਨੇ ਸਪੀਕਰ ਨਾਲ ਮੁਲਾਕਾਤ ਕਰ ਕੇ ਮੰਗ ਰੱਖੀ ਹੈ ਤੇ ਸਪੀਕਰ ਨੇ ਉਨ੍ਹਾਂ ਨੂੰ ਢੁੱਕਵੇਂ ਹੱਲ ਦਾ ਭਰੋਸਾ ਦਿਵਾਇਆ ਹੈ।

ਇਸ ਮੌਕੇ ਇਸ ਵਫ਼ਦ ਨੇ ਪੰਜਾਬ ਦੇ ਸਮੂਹ ਦਫ਼ਤਰਾਂ, ਅਦਾਲਤਾਂ, ਯੂਨੀਵਰਸਿਟੀਆਂ ਵਿੱਚ ਸਖ਼ਤੀ ਨਾਲ ਪੰਜਾਬੀ ਭਾਸ਼ਾ ਨੂੰ ਲਾਗੂ ਕਰਨ, ਸੰਵਿਧਾਨ ਦੀ 73ਵੀਂ-74ਵੀਂ ਸੋਧ ਅਨੁਸਾਰ 29 ਮਹਿਕਮਿਆਂ ਦਾ ਪ੍ਰਸ਼ਾਸਕੀ ਕੰਟਰੋਲ ਜ਼ਿਲ੍ਹਾ ਪ੍ਰੀਸ਼ਦਾਂ ਅਤੇ ਪੰਚਾਇਤਾਂ ਨੂੰ ਸੌਂਪਣ, ਫ਼ਿਰਕਾਪ੍ਰਸਤ ਪਾਰਟੀਆਂ ਉੱਤੇ ਰੋਕ, ਸ਼੍ਰੋਮਣੀ ਗੁਰਦੁ-ਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਵਾਉਣ ਆਦਿ ਮੁੱਦਿਆਂ ਉੱਤੇ ਗੱਲਬਾਤ ਕੀਤੀ। ਬਲਵੰਤ ਸਿੰਘ ਖੇੜਾ ਨੇ ਦੱਸਿਆ ਕਿ ਇਨ੍ਹਾਂ ਗੱਲ ਉਤੇ ਸੰਧਵਾਂ ਸਾਹਿਬ ਨੇ ਵਿਸਥਾਰ ਵਿੱਚ ਚਰਚਾ ਕਰ ਕੇ ਪੂਰਾ ਭਰੋਸਾ ਦਿਵਾਇਆ ਅਤੇ ਬਲਵੰਤ ਸਿੰਘ ਖੇੜਾ ਵੱਲੋਂ ਦਾਇਰ ਕੀਤੇ ਕੇਸ ਵਿੱਚ ਐਡਵੋਕੇਟ ਜਨਰਲ ਪੰਜਾਬ ਵੱਲੋਂ ਪੈਰਵਾਈ ਲਈ ਸਰਕਾਰ ਨਾਲ ਗੱਲ ਕਰਨ ਦਾ ਭਰੋਸਾ ਵੀ ਦਿਵਾਇਆ ਹੈ।

# ਸਿੱਧੂ ਮੂਸੇਵਾਲਾ ਕਤਲ ਕਾਂਡ ਵਿੱਚ ਦਾ ਆਖਰੀ ਸ਼ਾਰਪ ਸ਼ੂਟਰ ਦੀਪਕ ਮੁੰਡੀ ਗ੍ਰਿਫ਼ਤਾਰ!



ਅੰਮ੍ਰਿਤਸਰ, 27 ਜੁਲਾਈ (ਪੋਸਟ ਬਿਊਰੋ)- ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕਾਂਡ ਵਿੱਚ ਲੋੜੀਂਦੇ ਸ਼ਾਰਪ ਸ਼ੂਟਰ ਦੀਪਕ ਮੁੰਡੀ ਨੂੰ ਅੰਮ੍ਰਿਤਸਰ ਦੇ ਸਰਹੱਦੀ ਖੇਤਰ ਵਿੱਚੋਂ ਗ੍ਰਿਫ਼ਤਾਰ ਕਰ ਲਿਆ ਦੱਸਿਆ ਗਿਆ ਹੈ। ਇਸ ਨੂੰ ਐਂਟੀ ਗੈਂਗਸਟਰ ਟਾਸਕ ਫੋਰਸ ਤੇ ਪੰਜਾਬ ਪੁਲਸ ਦੀ ਸਾਂਝੀ ਟੀਮ ਵੱਲੋਂ ਗੁਪਤ ਸੂਚਨਾ ਦੇ ਆਧਾਰ ਉੱਤੇ ਹਿੰਦ-ਪਾਕਿ ਸਰਹੱਦ ਦੇ ਅਟਾਰੀ ਖੇਤਰ ਵਿੱਚੋਂ ਹੀ ਗ੍ਰਿਫ਼ਤਾਰ ਹੋਣ ਦੀ ਖਬਰ ਹੈ। ਇਸ ਤੋਂ ਪਹਿਲਾਂ ਇਸੇ ਖੇਤਰ ਵਿੱਚ ਪੁਲਸ ਨਾਲ ਮੁਕਾਬਲੇ ਵਿੱਚ ਸ਼ੂਟਰ ਗੈਂਗਸਟਰ ਜਗਰੂਪ ਸਿੰਘ ਰੂਪਾ ਤੇ ਮਨਪ੍ਰੀਤ ਸਿੰਘ ਉਰਫ਼ ਮਨੂੰ ਕੁੱਸਾ ਮਾਰੇ ਗਏ ਸਨ ਤੇ ਇਸ ਕਾਂਡ ਵਿੱਚ ਲੋੜੀਂਦੇ ਸ਼ਾਰਪ ਸ਼ੂਟਰ ਪ੍ਰਿਯਵਰਤ ਫੌਜੀ, ਅੰਕਿਤ ਸੇਰਸਾ ਤੇ ਕਸ਼ਿਸ਼ ਉਰਫ ਕੁਲਦੀਪ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ, ਪਰ ਇਨ੍ਹਾਂ ਨੂੰ ਦਿੱਲੀ ਪੁਲਸ ਨੇ ਗ੍ਰਿਫ਼ਤਾਰ ਕੀਤਾ ਸੀ। ਇਸ ਤਰ੍ਹਾਂ ਕੇਵਲ ਮੁੰਡੀ ਹੀ ਬਚਿਆ ਸੀ, ਜਿਸ ਨੂੰ ਕੱਲ੍ਹ ਗ੍ਰਿਫ਼ਤਾਰ ਕਰ ਲਿਆ ਦੱਸਿਆ ਗਿਆ ਹੈ। ਮੂਸੇਵਾਲ ਕਤਲ ਕਾਂਡ ਵਿੱਚ ਦੋ ਕਾਰਾਂ ਦੀ ਗੈਂਗਸਟਰਾਂ ਨੇ ਵਰਤੋਂ ਕੀਤੀ ਸੀ, ਜਿਸ ਵਿੱਚ ਕੋਰੋਲਾ ਕਾਰ ਵਿੱਚ ਰੂਪਾ ਤੇ ਕੁੱਸਾ ਸਨ ਜਦੋਂ ਕਿ ਬਲੈਰੋ ਕਾਰ ਵਿੱਚ ਮੁੰਡੀ ਸਵਾਰ ਸੀ, ਜਿਸ ਦੀ ਹਰਿਆਣਾ ਦੇ ਸ਼ੂਟਰ ਪ੍ਰਿਯਵਰਤ ਫ਼ੌਜੀ ਵੱਲੋਂ ਅਗਵਾਈ ਕੀਤੀ ਜਾ ਰਹੀ ਸੀ।

ਇਸ ਗ੍ਰਿਫ਼ਤਾਰੀ ਬਾਰੇ ਕੋਈ ਪੁਲਸ ਅਧਿਕਾਰੀ ਬੋਲਣ ਨੂੰ ਤਿਆਰ ਨਹੀਂ, ਪਰ ਪਤਾ ਲੱਗਾ ਹੈ ਕਿ ਰੂਪਾ ਅਤੇ ਮਨੂੰ ਦੇ ਮੁਕਾਬਲੇ ਵਿੱਚ ਮਾਰੇ ਜਾਣ ਪਿੱਛੋਂ ਪੁਲਸ ਨੂੰ ਮੁੰਡੀ ਦੀ ਸੂਹ ਲੱਗ ਚੁੱਕੀ ਸੀ ਕਿ ਉਹ ਵੀ ਅੰਮ੍ਰਿਤਸਰ ਵਿੱਚ ਹੈ ਤੇ ਇਥੇ ਕਿਧਰੇ ਲੁਕਿਆ ਹੈ। ਇਸ ਤੋਂ ਪਹਿਲਾਂ ਮੁਕਾਬਲੇ ਵਿੱਚ ਵੀ ਚਾਰ ਗੈਂਗਸਟਰਾਂ ਦੇ ਸ਼ਾਮਲ ਹੋਣ ਦੀ ਚਰਚਾ ਸੀ, ਜਦੋਂ ਕਿ ਬਾਅਦ ਵਿੱਚ ਦੋ ਗੈਂਗਸਟਰਾਂ ਦੇ ਮਾਰੇ ਜਾਣ ਪਿੱਛੋਂ ਪੁਲਸ ਬਾਕੀਆਂ ਦੀ ਭਾਲ ਕਰ ਰਹੀ ਸੀ। ਦੀਪਕ ਮੁੰਡੀ ਦੇ ਗ੍ਰਿਫ਼ਤਾਰ ਹੋਣ ਨਾਲ ਮੂਸੇਵਾਲਾ ਕਤਲ ਕਾਂਡ ਦਾ ਹੋਰ ਕੋਈ ਸ਼ੂਟਰ ਅਜਿਹਾ ਨਹੀਂ ਜੋ ਹੱਥਨਾ ਆਇਆ ਹੋਵੇ।














# ਸਿੱਖਿਆ ਸਿਰੜ ਅਤੇ ਸੁਹਿਰਦਤਾ ਦਾ ਸਿਰਨਾਵਾਂ ਪ੍ਰਿੰ: ਪ੍ਰੇਮ ਸਾਗਰ ਗੁਪਤਾ



ਪ੍ਰਿੰ: ਪ੍ਰੇਮ ਸਾਗਰ ਗੁਪਤਾ

ਇਹ ਮੇਰਾ ਸੁਭਾਗ ਸੀ ਜਾਂ ਖੁਸ਼ਕਿਸਮਤੀ ਕਿ ਮੈਂ ਆਪਣੀ ਮੁੱਢਲੀ ਸਿੱਖਿਆ ਆਪਣੇ ਹੀ ਪਿੰਡ ਦੇ ਡੀ ਬੀ ਮਿਡਲ ਸਕੂਲ ਕਾਉਂਕੇ ਕਲਾਂ ਜਿਲਾ ਲੁਧਿਆਣਾ ਤੋਂ ਪ੍ਰਾਪਤ ਕੀਤੀ ਜਿੱਥੇ 1955-56 ਵਿੱਚ ਸਿੱਖਿਆ ਸਿਰੜ ਤੇ ਸੁਹਿਰਦਤਾ ਦੇ ਪ੍ਰਤੀਕ ਸ੍ਰੀ ਪ੍ਰੇਮ ਸਾਗਰ ਗੁਪਤਾ ਜੀ ਹੈਡਮਾਸਟਰ ਵਜੋਂ ਨਿਯੁਕਤ ਹੋ ਕੇ ਆਏ । ਮੈਂ ਉਹਨਾਂ ਨੂੰ ਏਨਾ ਪਿਆਰ ਤੇ ਸਤਿਕਾਰ ਕਰਦਾ ਸੀ ਕਿ ਉਹਨਾਂ ਦੇ ਅਧਿਆਪਨ ਖੇਤਰ ਵਿੱਚ ਉਹਨਾਂ ਦੀ ਸ਼ਖਸ਼ੀਅਤ ਨੂੰ ਅੱਖਰ ਅੱਖਰ ਬਣਦੇ ਵਿਗਸਦੇ ਵੇਖਿਆ । ਅੰਗਰੇਜ਼ੀ ਪੜ੍ਹਾਉਂਦੇ ਸਮੇਂ ਉਹਨਾਂ ਇੰਗਲਿਸ਼ ਗ੍ਰਾਮਰ ਤੇ ਜ਼ੋਰ ਦਿੰਦਿਆਂ ਕਮਜ਼ੋਰ ਵਿਦਿਆਰਥੀਆਂ ਨੂੰ ਵੀ ਸਵੈ - ਪ੍ਰਗਟਾਵੇ ਰਾਹੀਂ ਉਹ ਨਵਾਂ ਮੁਹਾਂਦਰਾ ਸਿਰਜਦੇ ਰਹੇ । ਛੇਵੀਂ ਜਮਾਤ ਤੋਂ ਅੱਠਵੀ ਤੱਕ ਉਹਨਾਂ ਤੋਂ ਪੜ੍ਹੀ ਇੰਗਲਿਸ਼ ਅਜੇ ਵੀ ਮੇਰੇ ਚੇਤਿਆਂ ਦਾ ਸ਼ਿੰਗਾਰ ਹੈ ਜਿਸਨੂੰ ਮੈਂ ਆਪਣੇ ਅਧਿਆਪਨ ਸਮੇਂ ਆਪਣੇ ਵਿਦਿਆਰਥੀਆਂ ਵਿੱਚ ਉਸੇ ਲਹਿਜੇ , ਤਕਨੀਕ , ਹੁਨਰ ਤੇ ਪ੍ਰਤਿਭਾ ਨਾਲ ਰੂਪਮਾਨ ਕਰਦਾ ਰਿਹਾ ।

ਪਰਿੰਸੀਪਲ ਪ੍ਰੇਮ ਸਾਗਰ ਗੁਪਤਾ ਹਮੇਸ਼ਾ ਸਮਕਾਲ ਦੀਆਂ ਹਕੀਕਤਾਂ ਦੇ ਰੂਬਰੂ ਹੋ ਕੇ ਸੰਘਰਸ਼ ਕਰਦੇ ਰਹੇ । ਆਪਣੇ ਅਧਿਆਪਕ ਸਿੱਖਿਆ ਕਾਲ ਵਿੱਚ ਉਹ ਕਾਫ਼ੀ ਦੇਰ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਮਾਛੀਵਾੜਾ ਜਿਲਾ ਲੁਧਿਆਣਾ ਅਤੇ ਫਿਰ ਹੈਡਮਾਸਟਰ ਦੇ ਤੌਰ ਤੇ ਸਰਕਾਰੀ ਹਾਈ ਸਕੂਲ ਰਾਮੂਵਾਲਾ ( ਮੋਗਾ) ਤੇ ਫਿਰ ਪਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੱਤੋ ਹੀਰਾ ਸਿੰਘ ( ਮੋਗਾ) ਤੋਂ ਸੇਵਾ ਮੁਕਤ ਹੋ ਕੇ ਆਪਣੇ ਬੱਚਿਆਂ ਕੋਲ ਕੈਨੇਡਾ ਵਿਖੇ ਪਰਵਾਸ ਕਰ ਗਏ ਅਤੇ ਖੁਸ਼ ਹਨ । ਉਹ ਉਮਰ ਭਰ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਦਾ ਸਿਰਨਾਵਾਂ ਬਣੇ ਰਹੇ ਅਤੇ ਹਮੇਸ਼ਾ ਵਕਤ ਦੀ ਅੱਖ ਵਿੱਚ ਅੱਖ ਪਾ ਕੇ ਤੁਰਦੇ ਰਹੇ ।

ਨਿਰਸੰਦੇਹ ਮੈਨੂੰ ਉਹ ਪੂਰੀ ਸਦੀ ਜਿੱਡੇ ਮਨੁੱਖ ਮਹਿਸੂਸ ਹੁੰਦੇ ਹਨ ਜਿੰਨ੍ਹਾਂ ਨੇ ਹਮੇਸ਼ਾ ਸਮੇਂ ਦੀ ਵਾਂਗ ਫੜੀ ਅਤੇ ਆਪਣੇ ਸ਼ਾਗਿਰਦਾਂ ਨੂੰ ਵਿਰਸੇ ਤੋਂ ਵਰਤਮਾਨ ਦੀ ਅਗਵਾਈ ਲੈਣ ਦੀ ਪ੍ਰੇਰਨਾ ਦਿੰਦੇ ਰਹੇ । ਉਹ ਸਕੂਲ ਛੁੱਟੀ ਹੋਣ ਤੋਂ ਬਾਅਦ ਵੀ ਕੜਕਦੀ ਧੁੱਪ ਤੇ ਲੂਹ ਦੇਣ ਵਾਲੀ ਗਰਮੀ ਵਿੱਚ ਸਾਡੀ ਅੱਠਵੀ ਬੋਰਡ ਦੀ ਜਮਾਤ ਨੂੰ ਚਾਰ ਵਜੇ ਤੱਕ ਪੜ੍ਹਾਉਂਦੇ ਰਹਿੰਦੇ ਅਤੇ ਹਰ ਲੋੜਵੰਦ ਵਿਦਿਆਰਥੀ ਦੀ ਦੁੱਧ ਚਾਹ ਅਤੇ ਮਾਇਕ ਸਹਾਇਤਾ ਕਰਦੇ ਜਿਸ ਵਿੱਚ ਮੇਰੀ ਵੀ ਉਹਨਾਂ ਬਹੁਤ ਸਹਾਇਤਾ ਕੀਤੀ । ਇਸ ਸੁਨਹਿਰੀ ਸਮੇਂ ਦੌਰਾਨ ਉਹ ਨਿਰੰਤਰ ਮੁਹੱਬਤ ਕਰਨ ਵਾਲੀ ਚੁੰਬਕੀ ਸ਼ਖ਼ਸੀਅਤ ਹੋ ਨਿੱਬੜੇ । ਏਸੇ ਵਿੱਚ ਹੀ ਉਹਨਾਂ ਦੀ ਅਧਿਆਪਕ ਵਜੋਂ ਹਰਮਨ-ਪਿਆਰਤਾ ਸੀ । ਇਹੀ ਕਾਰਨ ਹੈ ਕਿ ਉਹ ਸੋਚ ਸੋਹਜ ਤੇ ਸਾਹਸ ਦਾ ਸਜੀਵ ਰੂਪ ਬਣੇ ਰਹੇ ਅਤੇ ਆਪਣੇ ਕਿੱਤੇ ਪ੍ਰਤੀ ਸੁਹਿਰਦ ਤੇ ਸਮਰਪਿਤ ਦੀ ਭਾਵਨਾ ਅਪਣਾਉਂਦੇ ਰਹੇ ।

ਪਰਿੰਸੀਪਲ ਪ੍ਰੇਮ ਸਾਗਰ ਗੁਪਤਾ ਹੁਣ ਕੈਨੇਡਾ ਵਿਖੇ ਆਪਣੇ ਬੱਚਿਆਂ ਨਾਲ ਸੁਖਮਈ ਲੰਮੀ ਤੇ ਖੁਸ਼ਹਾਲ ਉਮਰ ਭੋਗ ਰਹੇ ਹਨ ਅਤੇ ਅਜੇ ਵੀ ਸਿੱਖਿਆ ਦੇ ਖੇਤਰ ਵਿੱਚ ਇਕ ਵਿਲੱਖਣ ਕਾਰਜ ਕਰ ਰਹੇ ਹਨ ਅਤੇ ਉਹ ਸਥੂਲ ਸਮਿਆਂ ਵਿੱਚ ਵੀ ਬੇਗਾਨੀ ਧਰਤੀ ਨੂੰ ਆਪਣੀ ਸਮਝ ਆਪਣੇ ਸੂਖਮ ਭਾਵਾਂ ਦੀ ਕਸਤੂਰੀ ਵੰਡ ਰਹੇ ਹਨ ਜੋ ਮਹਿਕਦੀਆਂ ਪੌਣਾ ਰਾਹੀਂ ਹਮੇਸ਼ਾ ਸਾਡੇ ਚੇਤਿਆਂ ਨੂੰ ਖੇੜੇ ਵਿੱਚ ਰੁਸ਼ਨਾਉਂਦੀ ਹੋਈ ਉਹਨਾਂ ਲਈ ਲੰਬੀ ਉਮਰ ਤੇ ਤੰਦਰੁਸਤੀ ਭਰੀ ਜ਼ਿੰਦਗੀ ਲਈ ਅਰਦਾਸ ਕਰਦੀ ਹੈ ।

ਸੁਰਜੀਤ ਸਿੰਘ ਕਾਉਂਕੇ, ਪੁਰਾਣਾ ਸ਼ਾਗਿਰਦ, 91-94179 15615

# ਕੈਮਬ੍ਰਿਜ ਗੁਰਦੁਆਰਾ ਸਾਹਿਬ ਵਿਖੇ ਗੁਰੂ ਹਰਕ੍ਰਿਸ਼ਨ ਸਾਹਿਬ ਦਾ ਪ੍ਰਕਾਸ ਦਿਹਾੜਾ ਮਨਾਇਆ





ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕੈਂਬਰਿਜ਼ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ ਸਜੇ ਹੋਏ ਦੀਵਾਨਾਂ ਵਿਚ ਗੁਰਦੁਆਰਾ ਸਾਹਿਬ ਦੇ ਹਜੂਰੀ ਕੀਰਤਨੀਏ ਭਾਈ ਸੁਖਜੀਵਨ ਸਿੰਘ ਝੰਡੇਰ ਦੇ ਜਥੇ ਵਲੋਂ ਕੀਰਤਨ ਕੀਤਾ ਗਿਆ। ਗੁਰੂ ਘਰ ਦੇ ਹੈਡ ਗ੍ਰੰਥੀ ਗਿਆਨੀ ਜੈਦੀਪ ਸਿੰਘ ਫਗਵਾੜਾ ਵਾਲਿਆਂ ਨੇ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੇ ਜੀਵਨ ਇਤਿਹਾਸ ਨਾਲ ਸੰਗਤਾਂ ਨੂੰ ਜਾਣੂ ਕਰਵਾਉਂਦੇ ਹੋਏ ਕਿਹਾ ਕਿ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦਾ ਜੀਵਨ ਸਾਡੇ ਲਈ ਪ੍ਰੇਣਾ ਸਰੋਤ ਹੈਜਿਨ੍ਹਾਂ ਨੇ ਬਾਲ ਉਮਰ ਵਿਚ ਹੀ ਗੁਰੂ ਪਦਵੀ ਹਾਸਿਲ ਕੀਤੀ ਬਾਣੀ ਦਾ ਪਿਆਰ ਗੁਰੂ ਸਾਹਿਬ ਦੇ ਜੀਵਨ ਵਿੱਚੋਂ ਝਲਕਾਰੇ ਮਾਰਦਾ ਸੀ। ਰਾਜਪਾਲ ਸਿੰਘ ਵਲੋਂ ਕਵਿਤਾ ਨਾਲ ਹਾਜ਼ਰੀ ਭਰੀ ਗਈ ਅਖੀਰ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੁੱਖਵਿੰਦਰ ਸਿੰਘ ਚਾਹਲ ਨੇ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਆਉਣ ਵਾਲੇ ਸਮਾਗਮਾਂ ਦੀ ਜਾਣਕਾਰੀ ਦਿਤੀ ਸਮਾਗਮ ਦੌਰਾਨ ਵੱਡੀ ਗਿਣਤੀ ਵਿਚ ਸੰਗਤਾਂ ਹਾਜਰ ਸਨ। ਗੁਰੂ ਕਾ ਲੰਗਰ ਅਟੁੱਟ ਵਰਤਿਆ।

# ਸਕਾਟਲੈਂਡ: 40000 ਤੋਂ ਵਧੇਰੇ ਰੇਲ ਕਰਮਚਾਰੀ ਕਰਨਗੇ ਰੇਲਾਂ ਦਾ ਚੱਕਾ ਜਾਮ

## ਤਨਖਾਹ ਵਾਧੇ ਨੂੰ ਲੈ ਕੇ ਹੋ ਰਹੀਆਂ ਹਨ ਲੜੀਵਾਰ ਹੜਤਾਲਾਂ

ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ) ਮਹਿੰਗਾਈ ਨੇ ਹਰ ਕਿਸੇ ਦਾ ਜਿਉਣਾ ਮੁਹਾਲ ਕੀਤਾ ਹੋਇਆ ਹੈ। ਤਨਖਾਹਾਂ ਦਾ ਸਥਿਰ ਰਹਿਣਾ ਜਾਂ ਕਟੌਤੀ ਹੋਣਾ, ਹਾਲਾਤਾਂ ਨੂੰ ਹੋਰ ਪੇਚੀਦਾ ਬਣਾਉਂਦਾ ਹੈ। ਤਨਖਾਹ ਵਾਧੇ ਦੇ ਸੰਬੰਧ ਵਿੱਚ ਯੂਕੇ ਭਰ ਵਿੱਚ 40,000 ਤੋਂ ਵੱਧ ਰੇਲ ਕਰਮਚਾਰੀ 24-ਘੰਟੇ ਹੜਤਾਲਾਂ ਦੀ ਤਾਜ਼ਾ ਲੜੀ ਵਿੱਚ ਪਹਿਲੀ ਵਾਰ ਹੜਤਾਲ ਅੱਜ ਸ਼ੁਰੂ ਕਰਨ ਵਾਲੇ ਹਨ। ਨੈੱਟਵਰਕ ਰੇਲ ਲਈ ਕੰਮ ਕਰ ਰਹੇ ਮੈਂਬਰਾਂ ਦਾ ਕਹਿਣਾ ਹੈ ਕਿ ਇਸ ਹੜਤਾਲ ਵਿੱਚ ਸਕਾਟਰੇਲ ਸਟਾਫ ਸ਼ਾਮਲ ਨਹੀਂ ਹੈ, ਪਰ ਇਸਦਾ ਮਤਲਬ ਹੈ ਕਿ ਸਕਾਟਲੈਂਡ ਵਿੱਚ 9% ਤੋਂ ਘੱਟ ਆਮ ਸੇਵਾਵਾਂ ਹੀ ਕੰਮ ਕਰਨਗੀਆਂ। ਨੈੱਟਵਰਕ ਰੇਲ ਸਟਾਫ਼ ਅਤੇ 14 ਰੇਲ ਓਪਰੇਟਿੰਗ ਕੰਪਨੀਆਂ ਦੁਆਰਾ ਵਾਕਆਊਟ ਤਨਖਾਹ ਅਤੇ ਨੌਕਰੀਆਂ ਨੂੰ ਲੈ ਕੇ ਕੀਤਾ ਜਾ ਰਿਹਾ ਹੈ।

27 ਜੁਲਾਈ (ਬੁੱਧਵਾਰ) ਤੋਂ ਬਾਅਦ ਲੜੀਵਾਰ ਹੜਤਾਲ ਤਹਿਤ 30 ਜੁਲਾਈ (ਸ਼ਨੀਵਾਰ) ਨੂੰ ਵੀ ਯੂਕੇ ਵਿੱਚ ਹਜ਼ਾਰਾਂ ਸੇਵਾਵਾਂ ਨੂੰ ਰੋਕਣ ਦਾ ਐਲਾਨ ਕੀਤਾ ਹੋਇਆ ਹੈ। 30 ਜੁਲਾਈ ਨੂੰ ਹੋਣ ਵਾਲੀ ਹੜਤਾਲ ਵਿੱਚ ਵੀ 7 ਕੰਪਨੀਆਂ ਦੇ 5500 ਰੇਲ ਡਰਾਈਵਰ ਹਿੱਸਾ ਲੈਣਗੇ। ਹਾਲਾਂਕਿ ਇਸ ਦਿਨ ਕਾਮਨਵੈਲਥ ਖੇਡਾਂ ਅਤੇ ਇੰਗਲਿਸ਼ ਫੁੱਟਬਾਲ ਲੀਗ ਸੈਸ਼ਨ ਦਾ ਪਹਿਲਾ ਦਿਨ ਹੈ, ਇਸ ਹੜਤਾਲ ਕਾਰਨ ਆਮ ਲੋਕ ਵੱਡੀ ਪੱਧਰ 'ਤੇ ਪ੍ਰੇਸ਼ਾਨ ਹੋਣ ਦੀ ਸੰਭਾਵਨਾ ਬਣੀ ਹੋਈ ਹੈ। ਰੇਲ ਕੰਪਨੀਆਂ ਵੱਲੋਂ ਹੋਣ ਵਾਲੀ ਪ੍ਰੇਸ਼ਾਨੀ ਦੀ ਅਗਾਊਂ ਚੇਤਾਵਨੀ ਦਿੰਦਿਆਂ ਯਾਤਰੀਆਂ ਨੂੰ ਹੜਤਾਲ ਵਾਲੇ ਦਿਨਾਂ ਵਿੱਚ ਬਦਲਵੇਂ ਸਾਧਨ ਵਰਤਣ ਦੀ ਸਲਾਹ ਦਿੱਤੀ ਜਾ ਰਹੀ ਹੈ।



# ਭੂੰਗਾ ਸਥਿਤ ਕਾਲਾ ਬਾਗ ਵਿਖੇ ਦੂਸਰਾ ਡਾ. ਮਹਿੰਦਰ ਸਿੰਘ ਰੰਧਾਵਾ ਯਾਦਗਾਰੀ ਅੰਬ ਚੂਪਣ ਦਾ ਮੇਲਾ





ਜੁਲਾਈ 2019 ਵਿੱਚ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਵੱਲੋਂ ਡਾ. ਮਹਿੰਦਰ ਸਿੰਘ ਰੰਧਾਵਾ ਯਾਦਗਾਰੀ ਅੰਬ ਚੂਪਣ ਦਾ ਮੇਲਾ ਬਾਬੂ ਸ਼ਾਹੀ ਡਾਟ ਕਾਮ ਦੇ ਸੰਚਾਲਕ ਬਲਜੀਤ ਬੱਲੀ ਦੀ ਅਗਵਾਈ ਹੇਠ ਸ਼ੁਰੂ ਕੀਤਾ ਗਿਆ ਸੀ।

ਉਸ ਵਿੱਚ ਕੁਸ਼ਤੀ ਦੇ ਧਰੂ ਤਾਰੇ ਪਹਿਲਵਾਨ ਕਰਤਾਰ ਸਿੰਘ, ਭਾਰਤੀ ਬਾਸਕਟਬਾਲ ਟੀਮ ਦੇ ਕਪਤਾਨ ਰਹੇ ਅਰਜੁਨਾ ਐਵਾਰਡੀ ਸੱਜਣ ਸਿੰਘ ਚੀਮਾ, ਵਰਤਮਾਨ ਖੇਤੀ ਬਾੜੀ ਤੇ ਪੇਂਡੂ ਵਿਕਾਸ ਮੰਤਰੀ ਸਃ ਕੁਲਦੀਪ ਸਿੰਘ ਧਾਲੀਵਾਲ, ਮੇਜਰ ਜਨਰਲ ਜਸਬੀਰ ਸਿੰਘ ਢਿੱਲੋਂ, ਸਭਿਆਚਾਰਕ ਸੱਥ ਪੰਜਾਬ ਦੇ ਚੇਅਰਮੈਨ ਜਸਮੇਰ ਸਿੰਘ ਢੱਟ, ਉੱਘੇ ਫੋਟੋ ਵਾਤਾਵਰਨ ਕਲਾਕਾਰ ਤੇ ਪੰਜਾਬ ਇਨਫੋਟੈੱਕ ਦੇ ਚੇਅਰਮੈਨ ਹਰਪ੍ਰੀਤ ਸਿੰਘ ਸੰਧੂ, ਪੰਜਾਬੀ ਕਵੀ ਤ੍ਰੈਲੋਚਨ ਲੋਚੀ, ਮਨਜਿੰਦਰ ਧਨੋਆ, ਲੁਧਿਆਣਾ ਜ਼ਿਲ੍ਹੇ ਦੇ ਪਿੰਡ ਦਾਦ ਦੇ ਸਰਪੰਚ ਜਗਦੀਸ਼ਪਾਲ ਸਿੰਘ ਗਰੇਵਾਲ ਤੇ ਸੰਗੀਤ ਦਰਪਨ ਦੇ ਸੰਪਾਦਕ ਤਰਨਜੀਤ ਸਿੰਘ ਕਿੰਨੜਾ ਤੋਂ ਇਲਾਵਾ ਸਾਰੇ ਪੰਜਾਬ ਦੇ ਸਿਰਕੱਢ ਚਿਹਰੇ ਹਾਜ਼ਰ ਹੋਏ।

ਗ਼ਜ਼ਲ ਗਾਇਕ ਗੁਰਦੀਪ ਸਿੰਘ ਹੋਸ਼ਿਆਰਪੁਰ ਤੇ ਜਰਗ(ਲੁਧਿਆਣਾ) ਤੋਂ ਰਵਾਇਤੀ ਲੋਕ ਗਾਇਕੀ ਦੇ ਸਮਰੱਥ ਪੇਸ਼ਕਾਰ ਨਵਜੋਤ ਸਿੰਘ ਮੰਡੇਰ ਵੀ ਆਪਣੇ ਢੱਡ ਸਾਰੰਗੀ ਵਾਲੇ ਜਥੇ ਸਮੇਤ ਪਹੁੰਚੇ ਹੋਏ ਸਨ।

ਮਗਰੋਂ ਦੋ ਸਾਲ ਕਰੋਨਾ ਖਾ ਗਿਆ।

ਐਤਕੀਂ ਸਭ ਸੱਜਣ ਇਸ ਮੇਲੇ ਨੂੰ ਉਡੀਕ ਰਹੇ ਸਨ ਪਰ ਪੁਰਾਣੇ ਜੀਅ ਇਕੱਠੇ ਨਹੀਂ ਸੀ ਹੋ ਰਹੇ। ਕੁਲਦੀਪ ਸਿੰਘ ਧਾਲੀਵਾਲ ਪਹਿਲਾਂ ਸਾਡੇ ਵਰਗਾ ਹੀ ਸੀ, ਹੁਣ ਵਜ਼ੀਰ ਹੋਣ ਕਰਕੇ ਡਾਇਰੀ ਬਿਨ ਨਹੀਂ ਤੁਰ ਸਕਦਾ।

ਸਾਡਾ ਬੇਲੀ ਅਵਤਾਰ ਸਿੰਘ ਹੋਠੀ ਡਿਪਟੀ ਡਾਇਰੈਕਟਰ ਬਾਗਬਾਨੀ ਹੋਸ਼ਿਆਰਪੁਰ ਪਿਛਲੇ ਮੇਲੇ ਦਾ ਮੇਜ਼ਬਾਨ ਸੀ, ਹੁਣ ਰੀਟਾਇਰ ਹੋ ਚੁਕਾ ਸੀ। ਕੌਣ ਝਾਲ ਝੱਲੇਗਾ, ਇਹ ਵੀ ਮਸਲਾ ਸੀ।

ਅਵਤਾਰ ਨੇ ਹੀ ਇਸ ਵਾਰ ਫੇਰ ਆਪਣੇ ਮਿੱਤਰਾਂ ਸਮੇਤ ਜ਼ੁੰਮੇਵਾਰੀ ਦੀ ਵਹਿੰਗੀ ਚੁੱਕੀ ਤੇ ਬੇੜਾ ਪਾਰ ਲਾਇਆ।

ਅਸੀਂ ਲੁਧਿਆਣਾ ਤੋਂ ਜਸਮੇਰ ਸਿੰਘ ਢੱਟ, ਡਾਃ ਰਮਨਦੀਪ ਸਿੰਘ ਜੱਸਲ ਤੇ ਡਾਃ ਨਿਰਮਲ ਜੌੜਾ ਪੀ ਏ ਯੂ ਲੁਧਿਆਣਾ, ਡਾਃ ਗੁਰਇਕਬਾਲ ਸਿੰਘ ਜਨਰਲ ਸਕੱਤਰ, ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ, ਜਗਦੀਸ਼ਪਾਲ ਸਿੰਘ ਗਰੇਵਾਲ ਸਰਪੰਚ ਦਾਦ, ਸਿਕੰ-ਦਰ ਸਿੰਘ ਗਰੇਵਾਲ, ਹਰਪ੍ਰੀਤ ਸਿੰਘ ਸੰਧੂ ਚੇਅਰਮੈਨ ਇਨਫੋਟੈੱਕ,ਤ੍ਰੈਲੋਚਨ ਲੋਚੀ, ਪੰਜਾਬੀ ਕਹਾਣੀਕਾਰ ਸੁਖਜੀਤ ਮਾਛੀਵਾੜਾ ਸਾਹਿਬ, ਕਹਾਣੀਕਾਰ ਤਰਨ ਸਿੰਘ ਬੱਲ ਭੈਣੀ ਸਾਹਿਬ ਤੇ ਸਿਰਕੱਢ ਲੋਕ ਗਾਇਕ ਪਾਲੀ ਦੇਤਵਾਲੀਆ ਕਾਲਾ ਬਾਗ ਭੂੰਗਾ (ਨੇੜੇ ਹਰਿਆਨਾ) ਹੁਸ਼ਿਆਰਪੁਰ ਪੁੱਜ ਗਏ।

ਰਾਹ ਵਿੱਚ ਤਰਨਜੀਤ ਸਿੰਘ ਕਿੰਨੜਾ ਸੰਪਾਦਕ ਸੰਗੀਤ ਦਰਪਨ ਨਾਲ ਫਗਵਾੜਾ ਦੇ ਪਿਆਰ ਨੇ ਨਾਕਾ ਲਾਇਆ ਹੋਇਆ ਸੀ। ਉਸ ਵੱਲੋਂ ਸ਼ੁਰੂ ਕੀਤੇ ਜਾ ਰਹੇ ਚੈਨਲ ਸੰਗੀਤ ਦਰਪਨ ਐਕਸਪ੍ਰੈੱਸ ਬਾਰੇ ਵਿਚਾਰ ਵਟਾਂਦਰਾ ਕਰਕੇ ਡਾਃ ਮਹਿੰਦਰ ਸਿੰਘ ਰੰਧਾਵਾ ਯਾਦਗਾਰੀ ਅੰਬ ਚੂਪਣ ਦੇ ਮੇਲੇ ਲਈ ਰਵਾਨਾ ਹੋ ਗਏ।

ਪਹੁੰਚਣ ਸਾਰ ਢੋਲੀ ਨੇ ਢੋਲ ਤੇ ਡੱਗਾ ਮਾਰ ਕੇ ਸਾਡਾ ਸਭ ਦਾ ਸੁਆਗਤ ਕੀਤਾ।

ਸਾਥੋਂ ਪਹਿਲਾਂ ਬਲਜੀਤ ਬੱਲੀ, ਨਵਦੀਪ ਸਿੰਘ ਗਿੱਲ ਚੰਡੀਗੜ੍ਹੋਂ ਪੁੱਜ ਚੁਕੇ ਸਨ। ਪਾਲੀ ਦੇਤਵਾਲੀਆ ਸੁਥਰੇ ਗੀਤਾਂ ਦੀ ਛਹਿਬਰ ਲਾ ਰਿਹਾ ਸੀ।

ਕੁਝ ਵੀ ਰਸਮੀ ਨਹੀਂ ਸੀ। ਕੋਈ ਮੁੱਖ ਮਹਿਮਾਨ ਨਹੀਂ ਸੀ, ਸਗੋਂ ਮਹਿਮਾਨ ਵੀ ਨਹੀਂ ਸੀ, ਸਾਰੇ ਸਭ ਕੁਝ ਸਨ।

ਪੰਜਾਬ ਦੇ ਖੇਤੀਬਾੜੀ, ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੇ ਨਾਲ ਦੋ ਵਿਧਾਇਕ ਜਸਬੀਰ ਸਿੰਘ ਰਾਜਾ (ਟਾਂਡਾ ਉੜਮੁੜ) ਤੇ ਪਰਮਦੀਪ ਸਿੰਘ ਘੁੰਮਣ (ਦਸੂਹਾ) ਤੋਂ ਇਲਾਵਾ ਡਿਪਟੀ ਕਮਿਸ਼ਨਰ ਸੰਦੀਪ ਹੰਸ ਤੇ ਐੱਸ ਐੱਸ ਪੀ ਸਰਤਾਜ ਸਿੰਘ ਚਾਹਲ ਵੀ ਪੁਜੇ।

ਇਸ ਮੌਕੇ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਬਾਗਬਾਨੀ ਤੇ ਫ਼ਲ ਸੱਭਿਆਚਾਰ ਨੂੰ ਹੁਲਾਰਾ ਦੇਣ ਲਈ ਸੂਬੇ ਵਿੱਚ ਵੱਖ-ਵੱਖ ਥਾਵਾਂ ਉੱਤੇ ਸਥਾਨਕ ਰਵਾਇਤੀ ਫਲਾਂ ਦੇ ਮੇਲੇ ਲਗਾਏ ਜਾਣਗੇ। ਹੁਸ਼ਿਆਰਪੁਰ ਵਿਖੇ ਅੰਬ, ਦੱਖਣੀ ਪੱਛਮੀ ਜ਼ਿਲ੍ਹਿਆਂ ਵਿੱਚ ਕਿੰਨੂ ਤੇ ਨਿੰਬੂ ਜਾਤੀ ਫ਼ਲ ਪਠਾਨਕੋਟ ਵਿਖੇ ਲੀਚੀ ਤੇ ਅੰਮ੍ਰਿਤਸਰ ਵਿੱਚ ਨਾਸ਼ਪਾਤੀ ਤੇ ਬੱਗੂਗੋਸ਼ਿਆਂ ਦੇ ਮੇਲੇ ਵੀ ਖੇਤੀਬਾੜੀ, ਪੇਂਡੂ ਵਿਕਾਸ ਤੇ ਬਾਗਬਾਨੀ ਮਹਿਕਮੇ ਦੇ ਸਹਿਯੋਗ ਨਾਲ ਕਰਾਵਾਂਗੇ।

ਸ. ਧਾਲੀਵਾਲ ਨੇ ਇਹ ਗੱਲ ਲਈ ਪੰਜਾਬ ਲੋਕ ਵਿਰਾਸਤ ਅਕਾਡਮੀ ਤੇ ਬਾਬੂਸ਼ਾਹੀ ਡਾਟ ਕਾਮ ਵੱਲੋਂ ਕਾਲਾ ਬਾਗ ਭੂੰਗਾ (ਹੁਸ਼ਿਆਰਪੁਰ) ਵਿਖੇ ਕਰਵਾਏ ਦੂਜੇ ਡਾ ਮਹਿੰਦਰ ਸਿੰਘ ਰੰਧਾਵਾ ਅੰਬ ਚੂਪਣ ਦੇ ਮੇਲੇ ਨੂੰ ਮੌਲਿਕ ਗਿਆਨ ਆਧੀਰਿਤ ਲੋਕ ਮੇਲਾ ਕਿਹਾ।

ਉਨ੍ਹਾਂ ਕਿਹਾ ਕਿ ਸੂਬੇ ਦੀ ਖੇਤੀਬਾੜੀ ਅੱਜ ਗੰਭੀਰ ਸੰਕਟ ਵਿੱਚ ਹੈ, ਇਸ ਵਿੱਚੋਂ ਕੱਢਣ ਲਈ ਸਾਨੂੰ ਸਭ ਨੂੰ ਵੱਡੇ ਕਦਮ ਚੁੱਕਣ ਦੀ ਲੋੜ ਹੈ। ਕਿਸਾਨਾਂ ਨੂੰ ਖੁਸ਼ਹਾਲ ਕਰਨ ਲਈ ਫਲਾਂ ਦੀ ਖੇਤੀ ਨੂੰ ਉਤਸ਼ਾਹਤ ਕਰਨਾ ਪਵੇਗਾ। ਪੰਜਾਬ ਨੂੰ ਕਣਕ-ਝੋਨੇ ਦੇ ਫ਼ਸਲੀ ਚੱਕਰ ਵਿੱਚੋਂ ਕੱਢਣ ਅਤੇ ਫ਼ਸਲੀ ਵਿਭਿੰਨਤਾ ਨੂੰ ਹੁਲਾਰਾ ਦੇਣ ਲਈ ਫਲਾਂ ਦੇ ਬਾਗ ਬਹੁਤ ਜ਼ਰੂਰੀ ਹਨ।

ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਇਸ ਲਈ ਉਹ ਨਿੱਜੀ ਤੌਰ ਉੱਤੇ ਬਾਗਬਾਨੀ ਮੰਤਰੀ ਫੌਜਾ ਸਿੰਘ ਸਰਾਰੀ ਨਾਲ ਗੱਲਬਾਤ ਕਰਕੇ ਖੇਤੀਬਾੜੀ ਤੇ ਬਾਗਬਾਨੀ ਵਿਭਾਗ ਮਿਲ ਕੇ ਇਨ੍ਹਾਂ ਫਲਾਂ ਦੇ ਮੇਲਿਆਂ ਨੂੰ ਕਰਵਾਉਣ ਦਾ ਪ੍ਰਬੰਧ ਕਰਨਗੇ। ਉਨ੍ਹਾਂ ਕਿਹਾ ਕਿ ਸਾਰੇ ਹਾਜ਼ਰ ਮਿੱਤਰ ਆਪਣੇ ਆਪਣੇ ਘਰਾਂ ਵਿੱਚ ਫਲਦਾਰ ਬੂਟੇ ਲਗਾਉਣ।

ਪੰਜਾਬ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਇਸ ਮੇਲੇ ਦਾ ਮਨੋਰਥ ਫਲਾਂ ਨੂੰ ਉਤਸ਼ਾਹਤ ਕਰਨ ਤੋਂ ਇਲਾਵਾ ਰਵਾਇਤੀ ਲੋਕ ਸੰਗੀਤ ਨੂੰ ਹੁਲਾਰਾ ਦੇਣਾ ਅਤੇ ਆਪਣੇ ਆਪ ਨੂੰ ਮਾਣਨਾ ਹੈ। ਉਨ੍ਹਾਂ ਕਿਹਾ ਕਿ ਇਸ ਮੇਲੇ ਦਾ ਮਕਸਦ ਪੁਰਾਣੇ ਸਮਿਆਂ ਵਾਂਗ ਰਲ-ਮਿਲ ਕੇ ਬੈਠਣਾ ਹੈ।

ਬਾਬੂਸ਼ਾਹੀ ਡਾਟ ਕਾਮ ਦੇ ਬਾਨੀ ਬਲਜੀਤ ਬੱਲੀ ਨੇ ਕਿਹਾ ਕਿ ਪੰਜਾਬ ਦੀ ਸਿਰਮੌਰ ਹਸਤੀ ਡਾ. ਮਹਿੰਦਰ ਸਿੰਘ ਰੰਧਾਵਾ ਨੇ ਬਾਗਬਾਨੀ ਖੇਤਰ ਵਿੱਚ ਬਹੁਤ ਕੰਮ ਕੀਤਾ ਅਤੇ ਇਸੇ ਲਈ ਇਹ ਅੰਬ ਚੂਪ ਮੇਲਾ ਡਾ ਰੰਧਾਵਾ ਨੂੰ ਸਮਰਪਿਤ ਕੀਤਾ ਹੈ।

ਮੇਲੇ ਦੇ ਸੰਚਾਲਕ ਡਾ. ਗੁਰਕੰਵਲ ਸਿੰਘ ਨੇ ਸਾਰੇ ਮਹਿਮਾਨਾਂ ਤੇ ਪਤਵੰਤਿਆਂ ਦਾ ਧੰਨਵਾਦ ਕੀਤਾ। ਡਾ ਨਿਰਮਲ ਜੌੜਾ ਨੇ ਕਿਹਾ ਕਿ ਇਹ ਨਿਵੇਕਲਾ ਮੇਲਾ ਹੈ ਜਿਹੜਾ ਮਾਝਾ, ਮਾਲਵਾ ਤੇ ਦੋਆਬਾ ਖੇਤਰ ਦੇ ਲੋਕਾਂ ਵੱਲੋਂ ਮਿਲ ਕੇ ਮਨਾਇਆ ਜਾ ਰਿਹਾ ਹੈ।

ਇਸ ਮੌਕੇ ਉੱਘੇ ਲੋਕ ਗਾਇਕ ਪਾਲੀ ਦੇਤਵਾਲੀਆ ਤੇ ਸਾਰੰਗੀ ਵਾਦਕ ਨਵਜੋਤ ਸਿੰਘ ਮੰਡੇਰ ਤੇ ਸਾਥੀਆਂ ਵੱਲੋਂ ਲੋਕ ਸੰਗੀਤ ਦੀਆਂ ਵੰਨਗੀਆਂ ਨਾਲ ਸਰੋਤਿਆਂ ਨੂੰ ਨਿਹਾਲ ਕੀਤਾ ਗਿਆ। ਲੋਕ ਗਾਇਕੀ ਦਾ ਖੁੱਲ੍ਹਾ ਅਖਾੜਾ ਅੰਬਾਂ ਦੇ ਦਰੱਖਤਾਂ ਹੇਠ ਬਾਗ ਵਿੱਚ ਲਗਾਇਆ ਗਿਆ।

ਇਸ ਮੌਕੇ ਸੰਗੀਤ ਦਰਪਨ ਦਾ ਸੱਜਰਾ ਅੰਕ ਪੰਜਾਬ ਦੇ ਖੇਤੀਬਾੜੀ , ਪੇਂਡੂ ਵਿਕਾਸ ਤੇ ਪਰਦੇਸੀ ਮਾਮਲਿਆਂ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਤੇ ਹਾਜ਼ਰ ਪਤਵੰਤਿਆਂ ਨੇ ਲੋਕ ਅਰਪਨ ਕੀਤਾ। ਹਰਪ੍ਰੀਤ ਸਿੰਘ ਸੰਧੂ ਤੇ ਸਾਥੀਆਂ ਨੇ ਮੰਤਰੀ ਜੀ ਨੂੰ ਅੰਬਾਂ ਦਾ ਫੋਟੋ ਚਿਤਰ ਤੇ ਕਸ਼ਮੀਰ ਤੋਂ ਲਿਆਂਦਾ ਚਿਨਾਰ ਦਾ ਬੂਟਾ ਭੇਂਟ ਕੀਤਾ।

ਇਸ ਮੌਕੇ ਐਸ.ਡੀ.ਐਮ. ਹਰਬੰਸ ਸਿੰਘ, ਡਿਪਟੀ ਡਾਇਰੈਕਟਰ ਬਾਗਬਾਨੀ ਜਸਵਿੰਦਰ ਸਿੰਘ, ਅਮਰੀਕਾ ਤੋਂ ਰਣਜੀਤ ਸਿੰਘ ਰਾਣਾ ,ਡਾ ਚਮਨ ਲਾਲ ਵਸ਼ਿਸ਼ਟ , ਮਝੈਲ ਸਿੰਘ, ਅਜੀਤ ਸਿੰਘ ਮਾਨ, ਪ੍ਰਸਿੱਧ ਪੱਤਰਕਾਰ ਕੰਵਲਜੀਤ ਸਿੰਘ ਕੰਵਲ ਟੋਰਂਟੋ, ਰਣਜੀਤ ਸਿੰਘ ਸਿੱਧੂ ਸੁਰ ਸੰਗਮ ਤੇ ਪੰਜਾਬੀ ਨੈਸ਼ਨਲ ਟੀ ਵੀ ਕੈਲਗਰੀ ਕੈਨੇਡਾ, ਨਾਵਲਕਾਰ ਕੁਲਦੀਪ ਸਿੰਘ ਬੇਦੀ ਜਲੰਧਰ, ਪੰਜਾਬੀ ਲੇਖਕ ਇੰਦਰਜੀਤ ਕੌਰ ਨੰਦਨ, ਗੁਰਜੀਤ ਸਿੰਘ ਨੀਲਾ ਨਲੋਆ, ਜਸਕਰਨ ਧਨੋਆ, ਰਣਜੀਤ ਸਿੰਘ, ਡਾ ਗੁਰਇਕਬਾਲ ਸਿੰਘ, ਤ੍ਰੈਲੋਚਨ ਲੋਚੀ, ਜਗਦੀਸ਼ ਪਾਲ ਸਿੰਘ ਗਰੇਵਾਲ, ਐਡਵੋਕੇਟ ਹਰਪ੍ਰੀਤ ਸਿੰਘ ਸੰਧੂ, ਜਸਮੇਰ ਸਿੰਘ ਢੱਟ, ਤਰਨਜੀਤ ਸਿੰਘ ਕਿੰਨਰਾ, ਸਰਬਜੀਤ ਸਿੰਘ ਲੁਬਾਣਾ ਭੁਲੱਥ , ਡਾ. ਮਝੈਲ ਸਿੰਘ, ਡਾ. ਮਸਤਿੰਦਰ ਸਿੰਘ, ਡਾ. ਦੀਪਕ ਪੁਰੀ, ਦਿਲਬਾਗ ਸਿੰਘ ਖਤਰਾਏ, ਸਿਕੰਦਰ ਸਿੰਘ ਗਰੇਵਾਲ ਤੇ ਬਲਕਾਰ ਸਿੰਘ ਵੀ ਹਾਜ਼ਰ ਸਨ।

- ਨਵਦੀਪ ਸਿੰਘ ਗਿੱਲ



# ਆਖ਼ਰਕਾਰ, ਰਵੱਈਏ ਕਿਉਂ ਬਦਲ ਰਹੇ ਹਨ ਅਤੇ ਪਰਿਵਾਰ ਟੁੱਟ ਰਹੇ ਹਨ?



*ਭੌਤਿਕਵਾਦੀ ਯੁੱਗ ਵਿੱਚ ਇੱਕ ਦੂਜੇ ਦੀਆਂ ਸੁੱਖ-ਸਹੂਲਤਾਂ ਲਈ ਮੁਕਾਬਲੇ ਨੇ ਮਨਾਂ ਦੇ ਰਿਸ਼ਤਿਆਂ ਨੂੰ ਝੁਲਸ ਕੇ ਰੱਖ ਦਿੱਤਾ ਹੈ। ਕੱਚੇ ਤੋਂ ਪੱਕੇ ਨੂੰ ਜਾਣ ਵਾਲੇ ਘਰਾਂ ਦੀਆਂ ਉੱਚੀਆਂ ਕੰਧਾਂ ਨੇ ਆਪਸੀ ਗੱਲਬਾਤ ਨੂੰ ਅਲੋਪ ਕਰ ਦਿੱਤਾ ਹੈ। ਪੱਥਰ ਬਣ ਕੇ ਹਰ ਵਿਹੜੇ ਵਿਚ ਲੜਾਈ-ਝਗੜੇ ਦਾ ਨੰਗਾ ਨਾਚ ਹੈ। ਆਪਸੀ ਮਤਭੇਦਾਂ ਨੇ ਡੂੰਘੇ ਮਤਭੇਦ ਪੈਦਾ ਕਰ ਦਿੱਤੇ ਹਨ। ਬਜ਼ੁਰਗਾਂ ਦੇ ਚੰਗੇ ਉਪਦੇਸ਼ ਦੀ ਅਣਹੋਂਦ ਵਿੱਚ ਉਹ ਘਰ ਵਿੱਚ ਛੋਟੇ-ਛੋਟੇ ਰਿਸ਼ਤਿਆਂ ਨੂੰ ਮੁੱਖ ਰੱਖ ਕੇ ਫੈਸਲੇ ਲੈਣ ਲੱਗ ਪਏ ਹਨ। ਸਿੱਟੇ ਵਜੋਂ ਅੱਜ ਪਰਿਵਾਰ ਦੇ ਮੈਂਬਰ ਆਪਣਿਆਂ ਨੂੰ ਵੱਢਣ 'ਤੇ ਤੁਲੇ ਹੋਏ ਹਨ। ਇੱਕ ਪਾਸੇ ਗੁਆਂਢੀ ਖੁਸ਼ੀਆਂ ਵਿੱਚ ਹਲਵਾ ਚੱਟ ਰਹੇ ਹਨ ਤਾਂ ਇੱਕਲੇ ਹੀ ਦੁੱਖ ਝੱਲਣਾ ਪੈਂਦਾ ਹੈ। ਸਾਨੂੰ ਇਹ ਸੋਚਣਾ ਅਤੇ ਸਮਝਣਾ ਪਵੇਗਾ ਕਿ ਜੇਕਰ ਅਸੀਂ ਸਾਰਥਕ ਜੀਵਨ ਜਿਊਣਾ ਚਾਹੁੰਦੇ ਹਾਂ ਤਾਂ ਸਾਨੂੰ ਪਰਿਵਾਰ ਦੀ ਮਹੱਤਤਾ ਨੂੰ ਸਮਝਣਾ ਪਵੇਗਾ ਅਤੇ ਆਪਸੀ ਝਗੜੇ ਛੱਡ ਕੇ ਪਰਿਵਾਰ ਦੇ ਨਾਲ ਖੜੇ ਹੋਣਾ ਪਵੇਗਾ, ਤਾਂ ਹੀ ਅਸੀਂ ਜਿਉਂਦੇ ਰਹਿ ਸਕਾਂਗੇ ਅਤੇ ਇਹ ਸਮਾਜ ਜਿਉਣ ਯੋਗ ਹੋਵੇਗਾ ...*

*-ਪ੍ਰਿਅੰਕਾ 'ਸੌਰਭ'*

ਅੱਜ ਹਰ ਇੱਕ ਨੂੰ ਪਰਿਵਾਰਕ ਕਦਰਾਂ-ਕੀਮਤਾਂ ਅਤੇ ਪਰਿਵਾਰ ਨੂੰ ਇੱਕ ਸੰਸਥਾ ਵਜੋਂ ਸੋਚਣ ਦੀ ਸਖ਼ਤ ਲੋੜ ਹੈ ਅਤੇ ਇਸ ਦੇ ਨਾਲ-ਨਾਲ ਇਨ੍ਹਾਂ ਕਦਰਾਂ-ਕੀਮਤਾਂ ਦੇ ਨਿਘਾਰ ਦੇ ਕਾਰਨਾਂ ਨੂੰ ਲੱਭ ਕੇ ਉਨ੍ਹਾਂ ਨੂੰ ਸੁਧਾਰਨਾ ਚਾਹੀਦਾ ਹੈ। ਇਸ ਵਾਸਤੇ ਸਮਾਜ ਦੇ ਆਗੂਆਂ, ਕਵੀਆਂ/ਲੇਖਕਾਂ/ਗਾਇਕਾਂ/ਨਾਇਕਾਂ/ਹੀਰੋਇਨਾਂ/ਅਧਿਆਪਕ ਵਰਗ ਅਤੇ ਹੋਰ ਸਮਾਜ ਸੇਵੀਆਂ ਦੇ ਨਾਲ-ਨਾਲ ਸਿਆਸਤਦਾਨਾਂ ਨੂੰ ਸੰਸਥਾ ਵਜੋਂ ਪਰਿਵਾਰ ਦੇ ਪਤਨ ਦੇ ਪ੍ਰਭਾਵਾਂ ਬਾਰੇ ਲਿਖਣਾ ਅਤੇ ਸੋਚਣਾ ਚਾਹੀਦਾ ਹੈ। ਇਸ ਬਾਰੇ ਖੁੱਲ੍ਹ ਕੇ ਚਰਚਾ ਹੋਣੀ ਚਾਹੀਦੀ ਹੈ ਕਿ ਇਸ ਗਿਰਾਵਟ ਦਾ ਕਾਰਨ ਕੀ ਹੈ? ਅਤੇ ਇਸ ਗਿਰਾਵਟ ਤੋਂ ਕਿਵੇਂ ਉਭਰਨਾ ਹੈ? ਨੌਜਵਾਨ ਕਵੀ ਸਤਿਆਵਾਨ 'ਸੌਰਭ' ਨੇ ਇਸ ਸਥਿਤੀ ਨੂੰ ਆਪਣੇ ਸ਼ਬਦਾਂ ਵਿੱਚ ਸਹੀ ਲਿਖਿਆ ਹੈ ਕਿ-

*"ਪਰਿਵਾਰ ਟੁੱਟ ਰਹੇ ਹਨ, ਮੂਡ ਬਦਲ ਰਿਹਾ ਹੈ! ਦੂਜਿਆਂ ਤੋਂ*
*ਪਿਆਰ ਦਾ ਪ੍ਰਗਟਾਵਾ, ਅਜ਼ੀਜ਼ਾਂ ਤੋਂ ਵਿਛੋੜਾ !!*
*ਕੀ ਇਹ ਖੂਨ ਦੀ ਗਲਤੀ ਹੈ, ਜਾਂ ਸੰਸਕ੍ਰਿਤ ਦੀ ਗਲਤੀ ਹੈ!*
*ਆਪਣੇ ਕੰਡਿਆਂ ਨਾਲ ਜੁੜ ਜਾ, ਹੋਰ ਫੁੱਲਾਂ ਨਾਲ!"*

ਪਰਿਵਾਰ ਭਾਰਤੀ ਸਮਾਜ ਵਿੱਚ ਆਪਣੇ ਆਪ ਵਿੱਚ ਇੱਕ ਸੰਸਥਾ ਹੈ ਅਤੇ ਪ੍ਰਾਚੀਨ ਕਾਲ ਤੋਂ ਭਾਰਤ ਦੇ ਸਮੂਹਿਕ ਸੱਭਿਆਚਾਰ ਦਾ ਇੱਕ ਵਿਲੱਖਣ ਪ੍ਰਤੀਕ ਹੈ। ਸੰਯੁਕਤ ਪਰਿਵਾਰ ਪ੍ਰਣਾਲੀ ਜਾਂ ਇੱਕ ਵਿਸਤ੍ਰਿਤ ਪਰਿਵਾਰ ਭਾਰਤੀ ਸੰਸਕ੍ਰਿਤੀ ਦੀ ਇੱਕ ਮਹੱਤਵਪੂਰਨ ਵਿਸ਼ੇਸ਼ਤਾ ਰਹੀ ਹੈ ਜਦੋਂ ਤੱਕ ਸ਼ਹਿਰੀਕਰਨ ਅਤੇ ਪੱਛਮੀ ਪ੍ਰਭਾਵ ਦੇ ਮਿਸ਼ਰਣ ਨੇ ਉਸ ਸੰਸਥਾ ਨੂੰ ਝਟਕਾ ਦੇਣਾ ਸ਼ੁਰੂ ਨਹੀਂ ਕੀਤਾ। ਪਰਿਵਾਰ ਇੱਕ ਬੁਨਿਆਦੀ ਅਤੇ ਮਹੱਤਵਪੂਰਨ ਸਮਾਜਿਕ ਸੰਸਥਾ ਹੈ ਜਿਸਦੀ ਵਿਅਕਤੀਗਤ ਅਤੇ ਸਮੂਹਿਕ ਨੈਤਿਕਤਾ ਨੂੰ ਪ੍ਰਭਾਵਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਪਰਿਵਾਰ ਸੱਭਿਆਚਾਰਕ ਅਤੇ ਸਮਾਜਿਕ ਕਦਰਾਂ-ਕੀਮਤਾਂ ਦਾ ਪਾਲਣ ਪੋਸ਼ਣ ਅਤੇ ਸੰਭਾਲ ਕਰਦਾ ਹੈ।

ਇਹ ਕਾਨੂੰਨ ਦੀ ਪਾਲਣਾ ਕਰਨ ਵਾਲੇ ਨਾਗਰਿਕਾਂ ਨੂੰ ਉਤਸ਼ਾਹਿਤ ਕਰਕੇ ਸਮਾਜ ਨੂੰ ਸਥਿਰਤਾ ਪ੍ਰਦਾਨ ਕਰਦਾ ਹੈ। ਇਹ ਵਿਅਕਤੀ ਵਿੱਚ ਸਮੂਹਿਕ ਚੇਤਨਾ ਪੈਦਾ ਕਰਨ ਵਿੱਚ ਮਦਦ ਕਰਦਾ ਹੈ। ਪਰਿਵਾਰ ਪ੍ਰਣਾਲੀ ਇੱਕ ਸਿੰਗਲ, ਸ਼ਕਤੀਸ਼ਾਲੀ ਤਾਰਾਂ ਹੈ ਜੋ ਸਦੀਆਂ ਤੋਂ ਚਲੀ ਆ ਰਹੀ ਹੈ, ਅਤੇ ਵਿਭਿੰਨਤਾ ਨਾਲ ਭਰਪੂਰ, ਸਮਾਜਿਕ ਤਾਣੇ-ਬਾਣੇ ਨੂੰ ਮਜ਼ਬੂਤ ਕਰਦੀ ਹੈ। ਇਹ ਸਮਾਜੀਕਰਨ ਵਿੱਚ ਭਾਵਨਾਤਮਕ ਸਬੰਧ ਦਾ ਪ੍ਰਮੁੱਖ ਸਰੋਤ ਹੈ, ਸਮਾਜੀਕਰਨ ਅਤੇ ਨੈਤਿਕਤਾ ਨੂੰ ਸਹੀ ਅਤੇ ਗਲਤ ਦੇ ਰਾਹ ਵਿੱਚ ਸਿਰਜਦੀ ਹੈ। ਭਾਵਨਾ ਬੱਚਿਆਂ ਨੂੰ ਉਹਨਾਂ ਦੇ ਮਾਪਿਆਂ, ਉਹਨਾਂ ਦੇ ਸਾਥੀਆਂ ਅਤੇ ਉਹਨਾਂ ਦੇ ਸਮਾਜ ਦੇ "ਸਮਾਜਿਕ ਸੰਮੇਲਨਾਂ" ਦੇ ਅਨੁਸਾਰ ਨੈਤਿਕ ਫੈਸਲੇ ਲੈਣ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ। ਇਹ ਵਿਅਕਤੀਗਤ ਚਰਿੱਤਰ ਨੂੰ ਮਜ਼ਬੂਤ ਕਰਦਾ ਹੈ। ਇਹ ਅਨੁਸ਼ਾਸਨ, ਸਤਿਕਾਰ, ਆਗਿਆਕਾਰੀ ਆਦਿ ਦੀ ਆਦਤ ਦਾ ਪਹਿਲਾ ਸਰੋਤ ਹੈ।

ਨੈਤਿਕ ਤਾਕਤ ਦੇ ਨਾਲ-ਨਾਲ ਇਹ ਵਿਅਕਤੀ ਦੇ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਨੂੰ ਔਖੇ ਸਮੇਂ ਵਿਚ ਬਿਨਾਂ ਕਿਸੇ ਝਿਜਕ ਦੇ ਭਰੋਸਾ ਕਰਨ ਲਈ ਲਚਕੀਲਾਪਣ ਵੀ ਪ੍ਰਦਾਨ ਕਰਦਾ ਹੈ। ਇਹ ਮੁਸ਼ਕਲਾਂ ਨਾਲ ਨਜਿੱਠਣ ਲਈ ਅਨੈਤਿਕ ਸਾਧਨਾਂ ਦੀ ਵਰਤੋਂ ਤੋਂ ਬਚਦਾ ਹੈ। ਪਰਿਵਾਰ ਲੋਕਾਂ ਨੂੰ ਦੁਨਿਆਵੀ ਸਮੱਸਿਆਵਾਂ ਪ੍ਰਤੀ ਔਰਤ ਦਾ ਰਵੱਈਆ ਵਿਕਸਿਤ ਕਰਨ ਵਿੱਚ ਮਦਦ ਕਰਦਾ ਹੈ। ਪਰ ਅਜੋਕੇ ਦੌਰ ਵਿੱਚ ਅਸੀਂ ਇੱਕ ਸੰਸਥਾ ਦੇ ਰੂਪ ਵਿੱਚ ਪਰਿਵਾਰ ਵਿੱਚ ਗਿਰਾਵਟ ਦੇ ਕੌੜੇ ਅਨੁਭਵ ਦਾ ਸਾਹਮਣਾ ਕਰ ਰਹੇ ਹਾਂ।

*"ਹਰ ਘਰ ਵਿੱਚ ਝਗੜਾ ਹੈ, ਹੁਣ ਕੋਈ ਪਿਆਰ ਨਹੀਂ ਰਿਹਾ!*
*ਝਗੜਾ ਖਿੱਚਿਆ, ਹਰ ਵਿਹੜੇ ਦੀ ਕੰਧ !!*
*ਰਾੜ ਪਿਆਰ ਤੇ ਅਸੀਸਾਂ ਵਿੱਚ ਬੈਠਾ ਹੈ!*
*ਖਾਹਿਸ਼ਾਂ ਦੇ ਬਾਗ ਵਿੱਚ, ਈਰਖਾ ਨਾਲ ਭਰਿਆ !!*

ਅੱਜ ਨਿਘਾਰ ਦੇ ਪ੍ਰਤੀਕ ਵਜੋਂ ਪਰਿਵਾਰ ਟੁੱਟਦੇ ਜਾ ਰਹੇ ਹਨ, ਵਿਆਹੁਤਾ ਰਿਸ਼ਤੇ ਟੁੱਟਦੇ ਜਾ ਰਹੇ ਹਨ, ਆਪਸੀ ਭਾਈਚਾਰਕ ਸਾਂਝ ਵਿੱਚ ਦੁਸ਼ਮਣੀ ਅਤੇ ਹਰ ਤਰ੍ਹਾਂ ਦੇ ਰਿਸ਼ਤਿਆਂ ਵਿੱਚ ਕਾਨੂੰਨੀ ਤੇ ਸਮਾਜਿਕ ਝਗੜੇ ਵਧ ਗਏ ਹਨ।



ਅੱਜ ਸਮੂਹਿਕਤਾ ਉੱਤੇ ਵਿਅਕਤੀਵਾਦ ਦਾ ਬੋਲਬਾਲਾ ਹੈ। ਨਤੀਜੇ ਵਜੋਂ, ਪਦਾਰਥ-ਮੁਖੀ, ਪ੍ਰਤੀਯੋਗੀ ਅਤੇ ਉੱਚ ਅਭਿਲਾਸ਼ੀ ਪੀੜ੍ਹੀ ਅਖੌਤੀ ਗੁੰਝਲਦਾਰ ਪਰਿਵਾਰਕ ਢਾਂਚੇ ਦਾ ਕੰਟਰੋਲ ਗੁਆ ਰਹੀ ਹੈ। ਜਿਵੇਂ ਵਿਅਕਤੀਵਾਦ ਨੇ ਅਧਿਕਾਰਾਂ ਅਤੇ ਚੋਣ ਦੀ ਆਜ਼ਾਦੀ ਦਾ ਦਾਅਵਾ ਕੀਤਾ ਹੈ। ਇਸ ਨੇ ਪੀੜ੍ਹੀਆਂ ਨੂੰ ਜੀਵਨ ਵਿੱਚ ਪ੍ਰਾਪਤੀ ਦੀ ਭਾਵਨਾ ਨੂੰ ਕੇਵਲ ਪਦਾਰਥਕ ਖੁਸ਼ਹਾਲੀ ਦੇ ਪਰਿਪੇਖ ਵਿੱਚ ਦੇਖਣ ਲਈ ਮਜਬੂਰ ਕੀਤਾ ਹੈ।

ਅਜੋਕੇ ਹਾਲਾਤ ਵਿੱਚ ਭੜਕਾਊ ਰਵੱਈਆ ਹੀ ਪਰਿਵਾਰਾਂ ਦੇ ਟੁੱਟਣ ਦਾ ਮੁੱਖ ਕਾਰਨ ਹੈ। ਵਧੇਰੇ ਆਮਦਨ ਅਤੇ ਪਰਿਵਾਰ ਦੇ ਹੋਰ ਮੈਂਬਰਾਂ ਪ੍ਰਤੀ ਘੱਟ ਜ਼ਿੰਮੇਵਾਰੀ ਨੇ ਵਿਸਤ੍ਰਿਤ ਪਰਿਵਾਰਾਂ ਨੂੰ ਵੰਡ ਦਿੱਤਾ ਹੈ। ਉੱਚ ਤਲਾਕ ਦਰ ਬਿਨਾਂ ਸ਼ੱਕ ਸਮਾਜਿਕ ਰਿਸ਼ਤਿਆਂ ਨੂੰ ਨਿਗਲ ਰਹੀ ਹੈ। ਵਿਆਹ ਟੁੱਟਣ ਦਾ ਵੱਡਾ ਕਾਰਨ ਇਕੱਲੇ ਰਵੱਈਏ, ਵਿਵਹਾਰ ਅਤੇ ਸਮਝੌਤਾ ਵਾਲੀਆਂ ਕਦਰਾਂ-ਕੀਮਤਾਂ ਵਿਚ ਤਕਨਾਲੋਜੀ ਦਾ ਕਾਲਾ ਧੱਬਾ ਹੈ। ਨੌਜਵਾਨ ਪੀੜ੍ਹੀ ਦਾ ਸਮਾਜ ਵਿਰੋਧੀ ਵਤੀਰਾ ਤੇਜ਼ੀ ਨਾਲ ਪਰਿਵਾਰਾਂ ਨੂੰ ਤਬਾਹ ਕਰ ਰਿਹਾ ਹੈ। ਅੱਜ ਦੇ ਜ਼ਿਆਦਾਤਰ ਸਮਾਜਿਕ ਕੰਮ, ਜਿਵੇਂ ਕਿ ਬਾਲ ਪਾਲਣ-ਪੋਸ਼ਣ, ਸਿੱਖਿਆ, ਕਿੱਤਾਮੁਖੀ ਸਿਖਲਾਈ, ਬਜ਼ੁਰਗਾਂ ਦੀ ਦੇਖਭਾਲ, ਆਦਿ, ਬਾਹਰੀ ਏਜੰਸੀਆਂ, ਜਿਵੇਂ ਕਿ ਕ੍ਰੈਚ, ਮੀਡੀਆ, ਨਰਸਰੀ ਸਕੂਲ, ਹਸਪਤਾਲ, ਕਿੱਤਾਮੁਖੀ ਸਿਖਲਾਈ ਕੇਂਦਰ, ਹਾਸਪਾਈਸ ਸੰਸਥਾਵਾਂ, ਠੇਕੇਦਾਰਾਂ ਦੁਆਰਾ ਸੰਭਾਲੇ ਜਾਂਦੇ ਹਨ। ਕਦੇ ਪਰਿਵਾਰ ਦੇ ਬਜ਼ੁਰਗਾਂ ਦੀ ਜ਼ਿੰਮੇਵਾਰੀ ਹੁੰਦੀ ਸੀ।

*"ਵੱਡੇ ਲੋਕ ਗੱਲ ਨਹੀਂ ਕਰਦੇ,*
*ਛੋਟੇ ਲੋਕਾਂ ਦੇ ਹੱਕ ਹੁੰਦੇ ਹਨ!*
*ਪੈਰ ਛੱਡ ਕੇ ਗੋਡਿਆਂ ਨੂੰ ਛੂਹਣਾ,*
*ਇਹ ਰੀਤ ਕਿਵੇਂ ਹੋਈ !!*
*ਹੁਣ ਕਿੱਥੇ ਮੁਹੱਬਤ ਦਾ ਧਾਗਾ,*
*ਕਿੱਥੇ ਹੈ ਮਿਲਣ ਦੀ ਸਾਰ!*
*ਪਰਿਵਾਰ ਬਣ ਗਿਆ ਦੁਸ਼ਮਣ,*
*ਛੁਪੇ ਮਾਰੋ !!*

ਪਰਿਵਾਰਕ ਸੰਸਥਾ ਦੇ ਢਹਿ-ਢੇਰੀ ਹੋਣ ਨਾਲ ਸਾਡੇ ਜਜ਼ਬਾਤੀ ਰਿਸ਼ਤਿਆਂ ਵਿੱਚ ਰੁਕਾਵਟ ਪੈਦਾ ਹੋ ਗਈ ਹੈ। ਪਰਿਵਾਰ ਵਿੱਚ ਏਕਤਾ ਦਾ ਬੰਧਨ ਆਪਸੀ ਪਿਆਰ ਅਤੇ ਖੂਨ ਦਾ ਰਿਸ਼ਤਾ ਹੈ। ਇੱਕ ਪਰਿਵਾਰ ਇੱਕ ਬੰਦ ਇਕਾਈ ਹੈ ਜੋ ਸਾਨੂੰ ਭਾਵਨਾਤਮਕ ਸਬੰਧਾਂ ਕਰਕੇ ਇੱਕਠੇ ਰੱਖਦਾ ਹੈ। ਨੈਤਿਕ ਗਿਰਾਵਟ ਪਰਿਵਾਰ ਦੇ ਟੁੱਟਣ ਦਾ ਇੱਕ ਵੱਡਾ ਕਾਰਕ ਹੈ ਕਿਉਂਕਿ ਉਹ ਬੱਚਿਆਂ ਵਿੱਚ ਸਵੈ-ਮਾਣ ਅਤੇ ਦੂਜਿਆਂ ਲਈ ਸਤਿਕਾਰ ਦੀ ਭਾਵਨਾ ਪੈਦਾ ਨਹੀਂ ਕਰਦੇ ਹਨ। ਅੱਜ ਪੈਸੇ ਦੀ ਅੰਨ੍ਹੀ ਦੌੜ ਨੇ ਸਮਾਜਿਕ-ਆਰਥਿਕ ਸਹਿਯੋਗ ਅਤੇ ਸਹਾਇਤਾ ਦਾ ਸਫਾਇਆ ਕਰ ਦਿੱਤਾ ਹੈ। ਪਰਿਵਾਰ ਆਪਣੇ ਮੈਂਬਰਾਂ, ਖਾਸ ਕਰਕੇ ਨਵਜੰਮੇ ਬੱਚਿਆਂ ਅਤੇ ਬੱਚਿਆਂ ਦੇ ਵਿਕਾਸ ਅਤੇ ਵਿਕਾਸ ਲਈ ਲੋੜੀਂਦੀ ਵਿੱਤੀ ਅਤੇ ਭੌਤਿਕ ਸਹਾਇਤਾ ਤੱਕ ਸੀਮਤ ਹੋ ਗਏ ਹਨ, ਅਸੀਂ ਦਿਨ ਪ੍ਰਤੀ ਦਿਨ ਅਯੋਗਤਾ ਦੇ ਪਤਨ ਦੇ ਮੱਦੇਨਜ਼ਰ ਬਜ਼ੁਰਗਾਂ ਸਮੇਤ ਹੋਰ ਨਿਰਭਰ ਵਿਅਕਤੀਆਂ ਦੀ ਦੇਖਭਾਲ ਲਈ ਕਿਤੇ ਨਾ ਕਿਤੇ ਹੋ ਗਏ ਹਾਂ। ਅਤੇ ਗ਼ਰੀਬ ਪਰਿਵਾਰ ਪ੍ਰਣਾਲੀ। ਜਦੋਂ ਉਨ੍ਹਾਂ ਨੂੰ ਬਹੁਤ ਦੇਖਭਾਲ ਅਤੇ ਪਿਆਰ ਦੀ ਲੋੜ ਹੁੰਦੀ ਹੈ ਤਾਂ ਉਹ ਚੀਜ਼ਾਂ ਸੁਣਦੇ ਅਤੇ ਦੇਖਦੇ ਹਨ।

ਅੱਜ ਜ਼ਿਆਦਾਤਰ ਲੋਕ ਸਾਰਥਕ ਜੀਵਨ ਦੀ ਅਣਹੋਂਦ ਦਾ ਸਾਹਮਣਾ ਕਰ ਰਹੇ ਹਨ। ਪਰਿਵਾਰ ਪ੍ਰਣਾਲੀ ਦੇ ਢਹਿ ਜਾਣ ਦਾ ਇੱਕ ਨੁਕਸਾਨ ਸਾਂਝਾ, ਦੇਖਭਾਲ, ਹਮਦਰਦੀ, ਸਹਿਯੋਗ, ਇਮਾਨਦਾਰੀ, ਸੁਣਨ, ਸੁਆਗਤ, ਮਾਨਤਾ, ਵਿਚਾਰ, ਹਮਦਰਦੀ ਅਤੇ ਸਮਝ ਦੇ ਗੁਣਾਂ ਦਾ ਨੁਕਸਾਨ ਹੈ। ਮਾਨਸਿਕ ਸਿਹਤ ਦੇ ਮੁੱਦੇ ਜਿਵੇਂ ਕਿ ਘੱਟ ਤਣਾਅ ਸਹਿਣਸ਼ੀਲਤਾ, ਚਿੰਤਾ ਅਤੇ ਡਿਪਰੈਸ਼ਨ ਹਾਲ ਹੀ ਦੇ ਸਮੇਂ ਵਿੱਚ ਵੱਧ ਰਹੇ ਹਨ। ਪਰਿਵਾਰਕ ਪ੍ਰਣਾਲੀ ਬਜ਼ੁਰਗ ਮੈਂਬਰਾਂ ਨਾਲ ਗੱਲ ਕਰਨ, ਬੱਚਿਆਂ ਨਾਲ ਖੇਡਣ ਆਦਿ ਤੋਂ ਡੂੰਘੀ ਅਸੁਰੱਖਿਆ ਦੇ ਪ੍ਰਗਟਾਵੇ ਨਾਲ ਮਾਨਸਿਕ ਤੌਰ 'ਤੇ ਵਿਅਕਤੀ ਨੂੰ ਮੁਕਤ ਕਰ ਸਕਦੀ ਹੈ। ਪਰਿਵਾਰਕ ਪ੍ਰਣਾਲੀ ਵਿੱਚ ਗਿਰਾਵਟ ਵਧੇਰੇ ਵਿਅਕਤੀਆਂ ਲਈ ਮਾਨਸਿਕ ਸਿਹਤ ਸਮੱਸਿਆਵਾਂ ਦੇ ਮਾਮਲੇ ਪੈਦਾ ਕਰ ਸਕਦੀ ਹੈ।

ਭਵਿੱਖ ਵਿੱਚ ਇੱਕ ਸੰਸਥਾ ਵਜੋਂ ਪਰਿਵਾਰ ਦਾ ਪਤਨ ਸਮਾਜ ਵਿੱਚ ਢਾਂਚਾਗਤ ਤਬਦੀਲੀਆਂ ਲਿਆਵੇਗਾ। ਸਕਾਰਾਤਮਕ ਪੱਖ ਤੋਂ, ਭਾਰਤੀ ਸਮਾਜ ਇੱਕ ਸੰਸਥਾ ਦੇ ਰੂਪ ਵਿੱਚ ਪਰਿਵਾਰ ਵਿੱਚ ਗਿਰਾਵਟ ਦੇ ਪ੍ਰਭਾਵ ਵਜੋਂ ਆਬਾਦੀ ਦੇ ਵਾਧੇ ਅਤੇ ਕਰਮਚਾਰੀਆਂ ਦੇ ਨਾਰੀਕਰਨ ਵਿੱਚ ਕਮੀ ਦੇਖ ਸਕਦਾ ਹੈ। ਉਂਜ, ਸੰਯੁਕਤ ਪਰਿਵਾਰ ਤੋਂ ਪਰਿਵਾਰ ਵਿੱਚ ਢਾਂਚਾਗਤ ਤਬਦੀਲੀਆਂ ਨੂੰ ਸਮਝਣ ਦੀ ਲੋੜ ਹੈ, ਕੁਝ ਮਾਮਲਿਆਂ ਵਿੱਚ ਇਸ ਨੂੰ ਪਰਿਵਾਰ ਪ੍ਰਣਾਲੀ ਦਾ ਪਤਨ ਨਹੀਂ ਕਿਹਾ ਜਾ ਸਕਦਾ। ਜਿੱਥੇ ਪਰਿਵਾਰਕ ਪ੍ਰਣਾਲੀ ਕੁਝ ਸਕਾਰਾਤਮਕ ਤਬਦੀਲੀ ਲਈ ਸੰਯੁਕਤ ਪਰਿਵਾਰ ਤੋਂ ਪ੍ਰਮਾਣੂ ਪਰਿਵਾਰ ਵਿੱਚ ਬਦਲਦੀ ਹੈ। ਹਾਲਾਂਕਿ, ਭਾਰਤੀ ਸਮਾਜ ਵਿੱਚ ਪਰਿਵਾਰਕ ਸੰਯੋਜਨ ਅਤੇ ਵਿਖੰਡਨ ਦੀ ਵਿਲੱਖਣ ਵਿਸ਼ੇਸ਼ਤਾ ਵੀ ਵੱਸਦੀ ਹੈ ਜਿਸ ਵਿੱਚ ਪਰਿਵਾਰ ਦੇ ਕੁਝ ਮੈਂਬਰ ਇੱਕ ਪਰਿਵਾਰ ਦੇ ਰੂਪ ਵਿੱਚ ਰਹਿੰਦੇ ਹਨ ਭਾਵੇਂ ਉਹ ਵੱਖ-ਵੱਖ ਥਾਵਾਂ 'ਤੇ ਵੱਖਰੇ ਰਹਿੰਦੇ ਹਨ।

*"ਫਿਰ ਪਰਿਵਾਰ ਬਚ ਜਾਂਦਾ ਹੈ,*
*ਬਰਾਬਰੀ ਰਹਿੰਦੀ ਹੈ!*
*ਦੁੱਖ ਵਿੱਚ ਸਭ ਤੇਰੇ ਨਾਲ ਹੋਵੇ,*
*ਖੁਸ਼ੀਆਂ ਵਿੱਚ ਸਭ ਨਾਲ ਹੋਵੇ !!*
*ਜੇ ਕੋਈ ਤੀਸਰਾ ਕਰਦਾ, ਸੌਰਭ*
*ਜਦੋਂ ਵੀ ਮਾਰਦਾ!*
*ਪਰਿਵਾਰ ਨਾਲ ਰਹੋ, ਸਾਰੇ*
*ਝਗੜੇ ਛੱਡੋ !!*

ਪਰਿਵਾਰ ਇੱਕ ਬਹੁਤ ਹੀ ਤਰਲ ਸਮਾਜਿਕ ਸੰਸਥਾ ਹੈ ਅਤੇ ਤਬਦੀਲੀ ਦੀ ਨਿਰੰਤਰ ਪ੍ਰਕਿਰਿਆ ਵਿੱਚ ਹੈ। ਆਧੁਨਿਕਤਾ ਸਮਲਿੰਗੀ ਜੋੜਿਆਂ (ਰਿਸ਼ਤੇ), ਸਹਿਵਾਸ ਜਾਂ ਲਿਵ-ਇਨ ਰਿਲੇਸ਼ਨਸ਼ਿਪ, ਸਿੰਗਲ-ਪੇਰੈਂਟ ਹੋਮ, ਇਕੱਲੇ ਰਹਿਣ ਜਾਂ ਆਪਣੇ ਬੱਚਿਆਂ ਨਾਲ ਤਲਾਕ-ਸ਼ੁਦਾ ਹੋਣ ਦੇ ਵੱਡੇ ਅਨੁਪਾਤ ਦੇ ਉਭਾਰ ਦੀ ਗਵਾਹੀ ਦੇ ਰਹੀ ਹੈ। ਅਜਿਹੇ ਪਰਿਵਾਰਾਂ ਨੂੰ ਰਵਾਇਤੀ ਰਿਸ਼ਤੇਦਾਰੀ ਸਮੂਹਾਂ ਵਜੋਂ ਕੰਮ ਕਰਨ ਦੀ ਲੋੜ ਨਹੀਂ ਹੈ ਅਤੇ ਇਹ ਸਮਾਜੀਕਰਨ ਲਈ ਚੰਗੀ ਸੰਸਥਾਵਾਂ ਸਾਬਤ ਨਹੀਂ ਹੋ ਸਕਦੇ ਹਨ। ਭੌਤਿਕਵਾਦੀ ਯੁੱਗ ਵਿੱਚ ਇੱਕ ਦੂਜੇ ਦੀਆਂ ਸੁੱਖ-ਸਹੂਲਤਾਂ ਲਈ ਮੁਕਾਬਲੇ ਨੇ ਮਨਾਂ ਦੇ ਰਿਸ਼ਤਿਆਂ ਨੂੰ ਝੁਲਸ ਕੇ ਰੱਖ ਦਿੱਤਾ ਹੈ।

ਕੱਚੇ ਤੋਂ ਪੱਕੇ ਨੂੰ ਜਾਣ ਵਾਲੇ ਘਰਾਂ ਦੀਆਂ ਉੱਚੀਆਂ ਕੰਧਾਂ ਨੇ ਆਪਸੀ ਗੱਲਬਾਤ ਨੂੰ ਅਲੋਪ ਕਰ ਦਿੱਤਾ ਹੈ। ਪੱਥਰਾਂ ਨਾਲ ਹਰ ਵਿਹੜੇ ਵਿਚ ਝਗੜੇ ਦਾ ਤਾਣਾ-ਬਾਣਾ ਹੈ। ਆਪਸੀ ਮਤਭੇਦਾਂ ਨੇ ਡੂੰਘੇ ਮਤਭੇਦ ਪੈਦਾ ਕਰ ਦਿੱਤੇ ਹਨ। ਬਜ਼ੁਰਗਾਂ ਦੇ ਚੰਗੇ ਉਪਦੇਸ਼ ਦੀ ਅਣਹੋਂਦ ਵਿੱਚ ਉਹ ਘਰ ਵਿੱਚ ਛੋਟੇ-ਛੋਟੇ ਰਿਸ਼ਤਿਆਂ ਨੂੰ ਮੁੱਖ ਰੱਖ ਕੇ ਫੈਸਲੇ ਲੈਣ ਲੱਗ ਪਏ ਹਨ। ਸਿੱਟੇ ਵਜੋਂ ਅੱਜ ਪਰਿਵਾਰ ਦੇ ਮੈਂਬਰ ਆਪਣਿਆਂ ਨੂੰ ਵੱਢਣ 'ਤੇ ਤੁਲੇ ਹੋਏ ਹਨ। ਇੱਕ ਪਾਸੇ ਗੁਆਂਢੀ ਖੁਸ਼ੀਆਂ ਵਿੱਚ ਹਲਵਾ ਚੱਟ ਰਹੇ ਹਨ ਤਾਂ ਇੱਕਲੇ ਹੀ ਦੁੱਖ ਝੱਲਣਾ ਪੈਂਦਾ ਹੈ। ਸਾਨੂੰ ਇਹ ਸੋਚਣਾ ਅਤੇ ਸਮਝਣਾ ਪਵੇਗਾ ਕਿ ਜੇਕਰ ਅਸੀਂ ਸਾਰਥਕ ਜੀਵਨ ਜਿਊਣਾ ਚਾਹੁੰਦੇ ਹਾਂ ਤਾਂ ਸਾਨੂੰ ਪਰਿਵਾਰ ਦੀ ਮਹੱਤਤਾ ਨੂੰ ਸਮਝਣਾ ਪਵੇਗਾ ਅਤੇ ਆਪਸੀ ਝਗੜੇ ਛੱਡ ਕੇ ਪਰਿਵਾਰ ਦੇ ਨਾਲ ਖੜੇ ਹੋਣਾ ਪਵੇਗਾ, ਤਾਂ ਹੀ ਅਸੀਂ ਜਿਉਂਦੇ ਰਹਿ ਸਕਾਂਗੇ ਅਤੇ ਇਹ ਸਮਾਜ ਜਿਉਣ ਯੋਗ ਹੋਵੇਗਾ . .

*-ਪ੍ਰਿਅੰਕਾ ਸੌਰਭ*
*ਰਾਜਨੀਤੀ ਵਿਗਿਆਨ ਵਿੱਚ ਖੋਜ ਵਿਦਵਾਨ,*
*ਕਵੀ, ਸੁਤੰਤਰ ਪੱਤਰਕਾਰ ਅਤੇ ਕਾਲਮਨਵੀਸ।*

# ਸ੍ਰੀਲੰਕਾ ਦੀ ਦੁਰਗਤੀ ਤੋਂ ਸਬਕ ਸਿੱਖੇ ਸੰਸਾਰ

-ਬ੍ਰਹਮਾ ਚੇਲਾਨੀ

ਭਾਰਤ ਦਾ ਗੁਆਂਢੀ ਮੁਲਕ ਸ੍ਰੀਲੰਕਾ ਦੀ ਬਦਹਾਲੀ ਲਈ ਉਸ ਦੇ ਸ਼ਾਸਕ ਹੀ ਮੁੱਖ ਖਲਨਾਇਕ ਸਾਬਿਤ ਹੋਏ ਹਨ। ਦਰਅਸਲ ਪਰਵਾਰਵਾਦ ਦੇ ਤੰਦੂਆ-ਜਾਲ ਨੇ ਸ੍ਰੀਲੰਕਾ ਨੂੰ ਲੰਬਾ ਸਮਾਂ ਜਕੜੀ ਰੱਖਿਆ। ਰਾਜਪਕਸ਼ੇ ਪਰਵਾਰ ਦੇ ਚਾਰ ਭਰਾਵਾਂ ਤੇ ਉਨ੍ਹਾਂ ਦੇ ਬੇਟਿਆਂ ਨੇ ਸ਼ਾਸਨ ਦੀ ਪੂਰੀ ਕਮਾਨ ਆਪਣੇ ਹੱਥ ਲੈ ਰੱਖੀ ਸੀ। ਉਹ ਕਿਸੇ ਪਰਵਾਰਕ ਕਾਰੋਬਾਰ ਦੀ ਤਰ੍ਹਾਂ ਸਰਕਾਰ ਚਲਾ ਰਹੇ ਸਨ। ਰਾਜਪਕਸ਼ੇ ਪਰਵਾਰ ਬਹੁ-ਸੰਖਿਅਕਾਂ ਦੇ ਜਜ਼ਬਾਤ ਨਾਲ ਖਿਲਵਾੜ ਕਰ ਕੇ ਸੱਤਾ ਸੁੱਖ ਮਾਣ ਰਿਹਾ ਸੀ। ਉਹ ਖੁਦ ਵੱਡੇ ਵੱਡੇ ਪ੍ਰੋਜੈਕਟਾਂ ਨਾਲ ਜੁੜੇ ਰਹੇ। ਇਨ੍ਹਾਂ ਗੈਰ ਵਿਹਾਰਕ ਪ੍ਰੋਜੈਕਟਾਂ ਲਈ ਬੇਤਹਾਸ਼ਾ ਕਰਜ਼ਾ ਲਿਆ। ਇਸ ਦਾ ਨਤੀਜਾ ਆਰਥਿਕ ਪਤਨ ਦੇ ਰੂਪ ਵਿੱਚ ਨਿਕਲਿਆ। ਦੋ ਦਹਾਕੇ ਤੱਕ ਸਿਆਸੀ ਮੁਹਾਂਦਰੇ ਉੱਤੇ ਛਾਏ ਰਹਿਣ ਵਾਲੇ ਪਰਵਾਰ ਦਾ ਰਾਤੋ-ਰਾਤ ਬੋਰੀ-ਬਿਸਤਰਾ ਗੋਲ ਹੋ ਗਿਆ।

ਫਿਊਲ, ਖੁਰਾਕੀ ਵਸਤਾਂ, ਦਵਾਈਆਂ ਅਤੇ ਬਿਜਲੀ ਦੀ ਘਾਟ ਕਾਰਨ ਸ੍ਰੀਲੰਕਾ ਦੀ ਜਨਤਾ ਇੰਨੀ ਜ਼ਿਆਦਾ ਖਫਾ ਹੋ ਗਈ ਕਿ ਉਸ ਦੇ ਅਣਕਿਆਸੇ ਵਿਰੋਧ ਨੇ ਰਾਸ਼ਟਰਪਤੀ ਗੋਟਾਬਾਯਾ ਰਾਜਪਕਸ਼ੇ ਨੂੰ ਦੇਸ਼ ਛੱਡ ਕੇ ਭੱਜਣ ਉੱਤੇ ਮਜਬੂਰ ਕਰ ਦਿੱਤਾ। ਮੁਜ਼ਾਹਰਾਕਾਰੀਆਂ ਦਾ ਰਾਸ਼ਟਰਪਤੀ ਪੈਲੇਸ ਉੱਤੇ ਕਬਜ਼ਾ ਜਨਤਾ ਦੀ ਉਸ ਤਾਕਤ ਦਾ ਪ੍ਰਤੀਕ ਹੈ ਜਿਸ ਨੇ ਉਹ ਖਾਨਦਾਨ ਖਦੇੜ ਦਿੱਤਾ, ਜਿਸ ਦੀ ਤਾਨਾਸ਼ਾਹੀ, ਭਾਈ ਭਤੀਜਾਵਾਦ ਅਤੇ ਆਕੜ ਨੇ ਸ੍ਰੀਲੰਕਾ ਨੂੰ ਅੰਤਹੀਣ ਆਰਥਿਕ ਚੱਕਰਵਿਊ ਵਿੱਚ ਫਸਾ ਕੇ ਗੋਡਣੀਆਂ ਲੁਆ ਦਿੱਤੀਆਂ ਸਨ। ਰਾਜਪਕਸ਼ੇ ਪਰਵਾਰ ਰਾਸ਼ਟਰਪਤੀ ਦੀਆਂ ਤਾਕਤਾਂ ਨਿਰੰਤਰ ਵਧਾਉਂਦਾ ਰਿਹਾ। ਇਸ ਲਈ 2020 ਵਿੱਚ ਸੰਵਿਧਾਨ ਵਿੱਚ ਤਰਮੀਮ ਵੀ ਕੀਤੀ ਗਈ। ਉਨ੍ਹਾਂ ਨੇ ਨਾਗਰਿਕ ਆਜ਼ਾਦੀ ਦਾ ਰੱਜ ਕੇ ਦਮਨ ਕੀਤਾ। ਚੀਨ ਨਾਲ ਦੋਸਤੀ ਗੰਢ ਕੇ ਭਰਪੂਰ ਲਾਹਾ ਲਿਆ, ਇੰਨਾ ਕਿ ਆਪਣੇ ਦੇਸ਼ ਨੂੰ ਹੀ ਕਰਜ਼ੇ ਦੇ ਜਾਲ ਵਿੱਚ ਫਸਾ ਦਿੱਤਾ। ਰਾਜਪਕਸ਼ੇ ਪਰਵਾਰ ਦੀ ਸੱਤਾ ਦਾ ਨਾਟਕੀ ਪਤਨ ਸੰਸਾਰ ਵਿੱਚ ਉਨ੍ਹਾਂ ਸਿਆਸੀ ਵੰਸ਼ਵਾਦੀਆਂ ਲਈ ਚਿਤਾਵਨੀ ਹੈ ਜਿਨ੍ਹਾਂ ਦੀ ਆਪਣੇ ਦੇਸ਼ਾਂ ਵਿੱਚ ਸਰਕਾਰ ਜਾਂ ਪਾਰਟੀ ਉੱਤੇ ਚੜ੍ਹਤ ਹੈ, ਪਰ ਜਵਾਬਦੇਹੀ ਅਤੇ ਸੁਸ਼ਾਸਨ ਨਾਲ ਕੋਈ ਸਰੋਕਾਰ ਨਹੀਂ।ਏਸ਼ੀਆ ਤੋਂ ਲਤੀਨੀ ਅਮਰੀਕਾ ਵਿੱਚ ਅਜਿਹੇ ਪਰਵਾਰਾਂ ਦੀ ਭਰਮਾਰ ਹੈ ਜਿਨ੍ਹਾਂ ਨੇ ਸਰਕਾਰਾਂ ਨੂੰ ਪਰਵਾਰਕ ਮਾਮਲਾ ਅਤੇ ਰਾਜਨੀਤਕ ਪਾਰਟੀਆਂ ਨੂੰ ਪਰਵਾਰਕ ਜਾਗੀਰ ਬਣਾ ਦਿੱਤਾ।

ਰਾਜਪਕਸ਼ੇ ਪਰਵਾਰ ਵਿੱਚੋਂ ਮਹਿੰਦਾ ਰਾਜਪਕਸ਼ੇ ਉਸ ਪਰਵਾਰ ਦੇ ਰਾਜਨੀਤਕ ਸਾਮਰਾਜ ਦੇ ਸੂਤਰਧਰ ਰਹੇ ਹਨ। ਇੱਕ ਦਹਾਕੇ ਤੱਕ ਸ੍ਰੀਲੰਕਾ ਦੇ ਰਾਸ਼ਟਰਪਤੀ ਰਹੇ ਅਤੇ ਇਸ ਦੌਰਾਨ ਬਹੁਤ ਸਖਤੀ ਨਾਲ ਪੇਸ਼ ਆਏ। ਉਹ 2015 ਦੀ ਚੋਣ ਮਾਮੂਲੀ ਅੰਤਰ ਨਾਲ ਹਾਰ ਗਏ ਅਤੇ ਪਰਵਾਰ ਨੂੰ ਕੁਝ ਸਮੇਂ ਲਈ ਸੱਤਾ ਤੋਂ ਬੇਦਖਲ ਹੋਣਾ ਪਿਆ। ਇਸੇ ਦੌਰਾਨ ਨਵੀਂ ਸਰਕਾਰ ਵਿੱਚ ਪਾਰਲੀਮੈਂਟ ਨੇ ਰਾਸ਼ਟਰਪਤੀ ਦਾ ਕਰਜਕਾਲ ਸੀਮਿਤ ਕਰ ਦਿੱਤਾ। ਇਸ ਮੌਕੇ ਪਰਵਾਰ ਨੂੰ ਮਹਿੰਦਾ ਦੇ ਛੋਟੇ ਭਰਾ ਅਤੇ ਉਨ੍ਹਾਂ ਦੀ ਸਰਕਾਰ ਵਿੱਚ ਰੱਖਿਆ ਮੰਤਰੀ ਰਹੇ ਗੋਟਾਬਾਯਾ ਨੇ ਆਪਣੀ ਅਮਰੀਕੀ ਨਾਗਰਿਕਤਾ ਛੱਡ ਦਿੱਤੀ। ਸੰਨ 2019 ਵਿੱਚ ਰਾਸ਼ਟਰਪਤੀ ਬਣਨ ਦੇ ਤੁਰੰਤ ਬਾਅਦ ਗੋਟਾਬਾਯਾ ਨੇ ਮਹਿੰਦਾ ਰਾਜਪਕਸ਼ੇ ਨੂੰ ਪ੍ਰਧਾਨ ਮੰਤਰੀ ਬਣਾ ਦਿੱਤਾ। ਮਹਿੰਦਾ ਨੇ ਆਪਣੇ ਦੋ ਬੇਟਿਆਂ, ਦੋ ਭਰਾਵਾਂ ਤੇ ਇੱਕ ਹੋਰ ਭਰਾ ਦੇ ਬੇਟੇ ਨੂੰ ਸਰਕਾਰ ਵਿੱਚ ਥਾਂ ਦੇ ਦਿੱਤੀ।



ਇਹ 'ਅੰਨ੍ਹਾ ਵੰਡੇ ਸੀਰਨੀਆਂ ਮੁੜ-ਮੁੜ ਆਪਣਿਆਂ ਨੂੰ' ਦਾ ਵਰਤਾਰਾ ਸੀ। ਇਸ ਪਰਵਾਰ ਦੀ ਅਚਾਨਕ ਹੋਈ ਚੜ੍ਹਤ ਇਸ ਲਈ ਵੀ ਹੈਰਾਨ ਕਰਨ ਵਾਲੀ ਦੀ ਕਿ ਰਾਜਪਕਸ਼ੇ ਭਰਾਵਾਂ ਨੇ ਆਪਣੀ ਪਛਾਣ ਨਸਲੀ ਰਾਸ਼ਟਰਵਾਦੀ ਦੇ ਰੂਪ ਵਿੱਚ ਬਣਾਈ ਸੀ। ਉਹ ਖੁਦ ਨੂੰ ਬਹੁ-ਗਿਣਤੀ ਸਿੰਹਾਲੀ ਭਾਈਚਾਰੇ ਦੇ ਹਿੱਤਾਂ ਦੇ ਰਾਖੇ ਦੱਸਦੇ ਸਨ। ਉਨ੍ਹਾਂ ਨੇ ਸ੍ਰੀਲੰਕਾ ਵਿੱਚ 26 ਸਾਲ ਤੋਂ ਚੱਲਦੀ ਖਾਨਾਜੰਗੀ ਦਾ ਫੈਸਲਾਕੁੰਨ, ਪਰ ਬੇਰਹਿਮੀ ਨਾਲ ਦਮਨ ਕੀਤਾ। ਉਦੋਂ ਮਹਿੰਦਾ ਰਾਜਪਕਸ਼ੇ ਰਾਸ਼ਟਰਪਤੀ ਤੇ ਗੋਟਾਬਾਯਾ ਰੱਖਿਆ ਮੰਤਰੀ ਸਨ। ਉਸ ਸਮੇਂ ਕੌਮਾਂਤਰੀ ਪੱਧਰ ਉੱਤੇ ਜੰਗੀ ਅਪਰਾਧਾਂ ਬਾਰੇ ਆਲੋਚਨਾ ਦੇ ਬਾਵਜੂਦ ਦੋਵੇਂ ਜਣੇ ਸਿੰਹਾਲੀਆਂ ਦੇ ਨਾਇਕ ਬਣ ਕੇ ਉਭਰੇ। ਮਹਿੰਦਾ ਨੇ ਲਿੱਟੇ ਵਿਰੁੱਧ ਅੰਤਿਮ ਹਮਲਾਵਰ ਮੁਹਿੰਮ ਛੇੜੀ ਸੀ। ਇਸ ਮੁਹਿੰਮ ਵਿੱਚ ਉਨ੍ਹਾਂ ਨੂੰ ਗੋਟਾਬਾਯਾ ਦਾ ਪੂਰਾ ਸਮਰਥਨ ਸੀ।

ਗੋਟਾਬਾਯਾ ਇਸ ਤੋਂ ਪਹਿਲਾਂ ਕੈਲੀਫੋਰਨੀਆ ਵਿੱਚ ਰਹੇ ਸਨ ਜਿੱਥੇ ਉਨ੍ਹਾਂ ਉੱਤੇ ਜੰਗੀ ਅਪਰਾਧਾਂ ਬਾਰੇ ਕੇਸ ਚੱਲੇ। ਉਨ੍ਹਾਂ ਨੇ ਸ੍ਰੀਲੰਕਾ ਵਿੱਚ ਉਸ ਖਾਨਾਜੰਗੀ ਨੂੰ ਸਮਾਪਤ ਕਰ ਦਿੱਤਾ ਜਿਸ ਕਾਰਨ ਹਜ਼ਾਰਾਂ ਲੋਕ ਮੌਤ ਦਾ ਸ਼ਿਕਾਰ ਹੋ ਗਏ, ਪਰ ਉਸ ਦੇ ਮਾੜੇ ਨਤੀਜੇ ਵੀ ਨਿਕਲੇ। ਹਿੰਦੂ-ਬਹੁਗਿਣਤੀ ਤਮਿਲ ਭਾਈਚਾਰਾ ਖੁਦ ਨੂੰ ਹਾਸ਼ੀਏ ਉੱਤੇ ਮਹਿਸੂਸ ਕਰਨ ਲੱਗਾ ਤਾਂ ਸਿੰਹਲੀ ਅਤੇ ਮੁਸਲਿਮ ਭਾਈਚਾਰੇ ਵਿਚਾਲੇ ਪਾਟੋਧਾੜ ਦਾ ਖੱਪਾ ਹੋਰ ਚੌੜਾ ਹੋ ਗਿਆ ਜਿਨ੍ਹਾਂ ਦੀ ਸ੍ਰੀਲੰਕਾ ਵਿੱਚ ਆਬਾਦੀ ਵਿੱਚ 10 ਫੀਸਦੀ ਹਿੱਸੇਦਾਰੀ ਹੈ। ਇਸ ਤੋਂ ਉਪਜੇ ਸੰਘਰਸ਼ ਵਿੱਚ ਉਥੇ ਇਸਲਾਮਕ ਅੱਤਵਾਦ ਦੇ ਬੀਜ ਬੀਜੇ ਗਏ। ਇਸ ਦਾ ਅਸਰ 2019 ਵਿੱਚ ਈਸਟਰ ਉੱਤੇ ਹੋਏ ਹਮਲੇ ਵਿੱਚ ਲੱਭਾ, ਜਿਸ ਵਿੱਚ 277 ਲੋਕ ਮਾਰੇ ਗਏ। ਇਹ ਸੰਸਾਰ ਦੇ ਸਭ ਤੋਂ ਖਤਰਨਾਕ ਅੱਤਵਾਦੀ ਹਮਲਿਆਂ ਵਿੱਚੋਂ ਇੱਕ ਸੀ। ਉਸ ਹਮਲੇ ਨੇ ਰਾਜਪਕਸ਼ੇ ਪਰਵਾਰ ਨੂੰ ਇੱਕ ਵਾਰ ਫਿਰ ਸਿੰਹਾਲੀ ਰਾਸ਼ਟਰਵਾਦ ਦਾ ਲਾਭ ਲੈਣ ਦਾ ਮੌਕਾ ਦੇ ਦਿੱਤਾ। ਸਪੱਸ਼ਟ ਹੈ ਕਿ ਇਹ ਪਰਵਾਰ ਨਸਲੀ ਅਤੇ ਧਾਰਮਿਕ ਵੰਡ ਪਾਊ ਲਕੀਰਾਂ ਦਾ ਲਾਹਾ ਲੈ ਕੇ ਹੀ ਆਪਣੀ ਰਾਜਨੀਤਕ ਚੜ੍ਹਤ ਦੀ ਇਬਾਰਤ ਲਿਖ ਰਿਹਾ ਸੀ।

ਰਾਜਪਕਸ਼ੇ ਪਰਵਾਰ ਦੇ ਹੱਥਾਂ ਵਿੱਚ ਸੱਤਾ ਦੀ ਵਾਗਡੋਰ ਹੁੰਦਿਆਂ ਘੱਟ-ਗਿਣਤੀ ਤਾਮਿਲਾਂ ਉੱਤੇ ਬੇਹੱਦ ਤਸ਼ੱਦਦ ਹੋਇਆ ਸੀ। ਚੀਨ ਅਜਿਹੇ ਮੋਹਰਿਆਂ ਦੀ ਤਲਾਸ਼ ਵਿੱਚ ਰਹਿੰਦਾ ਹੈ। ਉਹ ਅਜਿਹੇ ਤਾਕਤਵਰ ਨੇਤਾਵਾਂ ਜਾਂ ਪਰਵਾਰਾਂ ਦੇ ਨਾਲ ਵਧੀਆ ਸੌਦੇਬਾਜ਼ੀ ਕਰ ਕੇ ਉਸ ਦੇਸ਼ ਦੀਆਂ ਕਮਜ਼ੋਰੀਆਂ ਦਾ ਲਾਭ ਆਪਣੇ ਫਾਇਦੇ ਲਈ ਚੁੱਕਦਾ ਹੈ।ਇੱਥੇ ਉਸ ਦੇ ਸਾਹਮਣੇ ਦੁਨੀਆ ਦੇ ਸਭ ਤੋਂ ਵੱਧ ਰੁਝੇਵੇਂ ਵਾਲੇ ਸਮੁੰਦਰੀ ਮਾਰਗ ਦੇ ਲਾਗੇ ਆਪਣੀ ਰਣਨੀਤਕ ਪਕੜ ਨੂੰ ਹੋਰ ਡੂੰਘੀ ਬਣਾਉਣ ਦਾ ਮੌਕਾ ਸੀ। ਚੀਨ ਨੇ ਮਹਿੰਦਾ ਰਾਜਪਕਸ਼ੇ ਦੀਆਂ ਕਮਜ਼ੋਰੀਆਂ ਅਤੇ ਖਾਹਿਸ਼ਾਂ ਦਾ ਇਸੇ ਮਕਸਦ ਲਈ ਲਾਹਾ ਚੁੱਕਿਆ। ਚੀਨ ਜੰਗੀ ਅਪਰਾਧ ਦੇ ਦੋਸ਼ ਦਾਂ ਸਾਹਮਣਾ ਕਰ ਰਹੇ ਰਾਜਪਕਸ਼ੇ ਦੀ ਯੂ ਐੱਨ ਵਿੱਚ ਢਲਾ ਬਣ ਗਿਆ। ਇਸ ਤਰ੍ਹਾਂ ਉਸ ਨੂੰ ਸ੍ਰੀਲੰਕਾ ਦੇ ਮਹੱਤਵਪੂਰਨ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਦਾ ਜ਼ਿੰਮਾ ਮਿਲਿਆ ਤੇ ਉਹ ਉਸ ਦ ਮੁੱਖ ਕਰਜ਼ਾ ਦਾਤਾ ਬਣਿਆ। ਕਰਜ਼ੇ ਨਾਲ ਰਾਜਪਕਸ਼ੇ ਪਰਵਾਰ ਆਪਣੀ ਰਾਜਨੀਤਕ ਵਿਰਾਸਤ ਦੇ ਪ੍ਰਤੀਕ ਵਜੋਂਜ਼ਿਲਾ ਹੰਬਨਟੋਟਾ ਨੂੰ ਚਮਕਾਉਣ ਲੱਗਾ। ਉਥੇ ਏਅਰਪੋਰਟ ਬਣਾਇਆ, ਜੋ ਵੀਰਾਨ ਰਿਹਾ। ਕ੍ਰਿਕਟ ਸਟੇਡੀਅਮ ਬਣਾਇਆ, ਜਿਸ ਵਿੱਚ ਉਥੋਂ ਦੀ ਆਬਾਦੀ ਤੋਂ ਵੱਧ ਸੀਟਾਂ ਸਨ। 140 ਕਰੋੜ ਡਾਲਰ ਦੀ ਲਾਗਤ ਨਾਲ ਬੰਦਰਗਾਹ ਬਣਾਈ, ਜੋ ਚੀਨ ਨੂੰ 99 ਸਾਲ ਲਈ ਲੀਜ਼ ਉੱਤੇ ਦੇਣ ਨਾਲ ਪਹਿਲਾਂ ਬੇਕਾਰ ਹੀ ਪਈ ਰਹੀ। ਚੀਨੀ ਕਰਜ਼ੇ ਨਾਲ ਬਣਿਆ ਸਭ ਤੋਂ ਮਹਿੰਗਾ 13 ਅਰਬ ਡਾਲਰ ਦ ਪੋਰਟ ਸਿਟੀ ਪ੍ਰੋਜੈਕਟ ਹੈ, ਜੋ ਕੋਲੰਬੋ ਦੇ ਨੇੜੇ ਹੈ।ਰਾਜਪਕਸ਼ੇ ਪਰਵਾਰ ਕਰਜ਼ੇ ਦੇ ਸੰਕਟ ਦਾ ਅਨੁਮਾਨ ਲਾਉਣ ਵਿੱਚ ਟਪਲਾ ਖਾ ਗਿਆ। ਉਸ ਨੇ ਅਜਿਹਾ ਕਰਜ਼ਾ ਲਿਆ ਜਿਸ ਦੀਆਂ ਸ਼ਰਤਾਂ ਨੂੰ ਜਨਤਕ ਤੱਕ ਨਹੀਂ ਕੀਤਾ। ਕੋਵਿਡ ਮਹਾਮਾਰੀ ਤੋਂ ਠੀਕ ਪਹਿਲਾਂ ਟੈਕਸਾਂ ਵਿੱਚ ਕਟੌਤੀ ਨਾਲ ਮਾਲੀਆ ਇੱਕ ਤਿਹਾਈ ਤੱਕ ਘਟ ਗਿਆ।ਮਹਾਮਾਰੀ ਕਾਰਨ ਸ੍ਰੀਲੰਕਾਂ ਦੀ ਆਮਦਨੀ ਦੇ ਦੋ ਮੁੱਖ ਸਰੋਤਾਂ ਟੂਰਿਜ਼ਮ ਤੇ ਬਸਤਰ ਐਕਸਪੋਰਟ ਦੀ ਕਮਰ ਟੁੱਟ ਗਈ। ਯੂਕਰੇਨ ਉੱਤੇ ਰੂਸ ਦੇ ਹਮਲੇ ਨਾਲ ਊਰਜਾ ਸੋਮਿਆਂ ਦੀਆਂ ਚੜ੍ਹੀਆਂ ਕੀਮਤਾਂ ਸ੍ਰੀਲੰਕਾ ਦੀ ਤਬਾਹੀ ਦੇ ਤਾਬੂਤ ਵਿੱਚ ਆਖਰੀ ਕਿੱਲ ਸਾਬਤ ਹੋਈਆਂ। ਜਦ ਮਦਦ ਦੀ ਵਾਰੀ ਆਈ ਤਾਂ ਮੁਸ਼ਕਲ ਵਿੱਚ ਫਸਾਉਣ ਵਾਲੇ ਚੀਨ ਨੇ ਮੂੰਹ ਫੇਰ ਲਿਆ। ਇਸ ਮੁਸੀਬਤ ਵਿੱਚ ਭਾਰਤ ਹੀ ਸ੍ਰੀਲੰਕਾ ਦੇ ਕੰਮ ਆਇਆ, ਜਿਸ ਨੇ ਉਸ ਨੂੰ ਚਾਰ ਅਰਬ ਡਾਲਰ ਤੋਂ ਵੱਧ ਦੀ ਸਹਾਇਤਾ ਕੀਤੀ ਹੈ।

ਸ੍ਰੀਲੰਕਾ ਦੀ ਬਦਹਾਲੀ ਤੇ ਰਾਜਪਕਸ਼ੇ ਪਰਵਾਰ ਦੀ ਰਾਜਨੀਤਕ ਹਾਰ ਵਿੱਚ ਪੂਰੀ ਦੁਨੀਆ ਲਈ ਸਬਕ ਛਿਪੇ ਹੋਏ ਹਨ। ਪਹਿਲਾ, ਇਹੀ ਕਿ ਕੋਈ ਪਰਵਾਰ ਕਿੰਨਾ ਵੀ ਤਾਕਤਵਰ ਕਿਉਂ ਨਾ ਹੋਵੇ, ਜਦ ਪਤਨ ਦੀ ਵਾਰੀ ਆਉਂਦੀ ਹੈ ਤਾਂ ਬਚਣਾ ਮੁਸ਼ਕਲ ਹੋ ਜਾਂਦਾ ਹੈ। ਦੂਜਾ, ਇਹ ਕਿ ਭਾਰੀ ਕਰਜ਼ੇ ਨਾਲ ਲੱਦੇ ਦੇਸ਼ ਆਪਣੀਆਂ ਮਾਲੀਆ ਨੀਤੀਆਂ ਦੇ ਮਾਮਲੇ ਵਿੱਚ ਸਾਵਧਾਨੀਆਂ ਵਰਤਣ, ਨਹੀਂ ਤਾਂ ਜ਼ਰੂਰੀ ਵਸਤਾਂ ਦੀ ਭਾਰੀ ਕਿੱਲਤ ਮਹਿੰਗਾਈ ਨੂੰ ਬੇਕਾਬੂ ਕਰ ਸਕਦੀ ਹੈ।

## ਅਸੀਂ ਅੱਜ ਵੀ ...

*ਢਿੱਡੋਂ ਰੱਜੇ ਕਰਨ ਦਿਖਾਵੇ,*
*ਭੁੱਖਾ ਰੋਵੇ ਸਵੇਰੇ ਸ਼ਾਮ।*
*ਅੱਖਾਂ ਵਿੱਚ ਹੰਝੂ ਭਰਕੇ,*
*ਅਸੀਂ ਅੱਜ ਵੀ ਹਾਂ ਗੁਲਾਮ,*
*ਭਾਵੇਂ ਨਹੀਂ ਸਰੀਰਾਂ ਕਰਕੇ।*

*ਵਿਕ ਕੇ ਛਪਣ ਅਖਬਾਰ,*
*ਨਾ ਈਮਾਨ, ਵੱਟਣ ਦਾਮ।*
*ਵਿਕੀਆਂ ਜ਼ਮੀਰਾਂ ਕਰਕੇ,*
*ਅਸੀਂ ਅੱਜ ਵੀ ਹਾਂ ਗੁਲਾਮ,*
*ਭਾਵੇਂ ਨਹੀਂ ਸਰੀਰਾਂ ਕਰਕੇ।*

*ਕੀ ਹੋਇਆ ਬੈਠੇ ਹਾਂ 'ਕੱਠੇ,*
*ਰਲ ਟਕਰਾਏ ਜ਼ਾਮ।*
*ਯਾਦਾਂ ਵਿੱਚ ਹੀਰਾਂ ਕਰਕੇ,*
*ਅਸੀਂ ਅੱਜ ਵੀ ਹਾਂ ਗੁਲਾਮ,*
*ਭਾਵੇਂ ਨਹੀਂ ਸਰੀਰਾਂ ਕਰਕੇ।*

*ਸਾਡੀ ਸੋਚ, ਰਹੀ ਨਾ ਸਾਡੀ,*
*ਕੀਤੀ ਅਕਲ ਨੀਲਾਮ।*
*ਜ਼ਹਿਨੀ ਜੰਜ਼ੀਰਾਂ ਕਰਕੇ,*
*ਅਸੀਂ ਅੱਜ ਵੀ ਹਾਂ ਗੁਲਾਮ,*
*ਭਾਵੇਂ ਨਹੀਂ ਸਰੀਰਾਂ ਕਰਕੇ।*

*ਲਈ ਅਜ਼ਾਦੀ ਤਨ ਦੀ,*
*ਦੁੱਖ ਝੱਲੇ ਬਹੁਤ ਅਵਾਮ।*
*ਜਿਉਂਦੇ ਜਿਉਂ ਮਰ ਮਰ ਕੇ,*
*ਅਸੀਂ ਅੱਜ ਵੀ ਹਾਂ ਗੁਲਾਮ,*
*ਭਾਵੇਂ ਨਹੀਂ ਸਰੀਰਾਂ ਕਰਕੇ।*

*ਸਾਹ ਮੁੱਲ, ਪਾਣੀ ਵੀ ਮੁੱਲ,*
*ਭੁਗਤ ਰਹੇ ਪ੍ਰਣਾਮ।*
*ਕੀ ਖੱਟਿਆ ਬੋਝੇ ਭਰਕੇ,*
*ਅਸੀਂ ਅੱਜ ਵੀ ਹਾਂ ਗੁਲਾਮ,*
*ਭਾਵੇਂ ਨਹੀਂ ਸਰੀਰਾਂ ਕਰਕੇ।*

*ਜਾਣ ਬੁੱਝ ਤਨ ਰੱਖੇ ਨੰਗੇ,*
*ਕਈ ਹੋਏ ਉਪਰਾਮ।*
*ਪਾਟੀਆਂ ਲੀਰਾਂ ਕਰਕੇ,*
*ਅਸੀਂ ਅੱਜ ਵੀ ਹਾਂ ਗੁਲਾਮ,*
*ਭਾਵੇਂ ਨਹੀਂ ਸਰੀਰਾਂ ਕਰਕੇ।*

*-ਸੁਲੱਖਣ ਸਿੰਘ*
*+647-786-6329*






# ਸੱਪ ਦੇ ਡੰਗਣ ਨਾਲ ਪੰਜ ਸਾਲਾ ਬੱਚੀ ਦੀ ਮੌਤ



ਨੂਰਮਹਿਲ, 27 ਜੁਲਾਈ (ਪੋਸਟ ਬਿਊਰੋ)- ਪਿੰਡ ਬਾਠ ਵਿੱਚ ਪੰਜ ਸਾਲ ਦੀ ਬੱਚੀ ਦੀ ਸੱਪ ਦੇ ਡੰਗਣ ਕਾਰਨ ਮੌਤ ਹੋ ਗਈ ਹੈ। ਜਦ ਰੀਆ ਨੂੰ ਸੱਪ ਨੇ ਡੰਗਿਆ ਤਾਂ ਉਸ ਦੀ ਭੈਣ ਵੀ ਉਸ ਦੇ ਨਾਲ ਸੀ।

ਮ੍ਰਿਤਕ ਬੱਚੀ ਦੇ ਪਿਤਾ ਹਰਦੀਪ ਸਿੰਘ ਨੇ ਦੱਸਿਆ ਕਿ ਉਸ ਦੀਆਂ ਦੋ ਬੇਟੀਆਂ ਵਿੱਚੋਂ ਵੱਡੀ ਬੇਟੀ (7) ਤੇ ਛੋਟੀ ਰੀਆ (5) ਸੀ। ਬੀਤੀ ਰਾਤ ਕਰੀਬ 10.30 ਵਜੇ ਪਰਵਾਰ ਖਾਣਾ ਖਾ ਕੇ ਵਿਹੜੇ ਵਿੱਚ ਸੁੱਤਾ ਸੀ ਤਾਂ ਰੀਆ ਨੇ ਘਰ ਵਿੱਚ ਸੱਪ ਦੇਖਿਆ। ਉਹ ਜ਼ੋਰ ਨਾ ਚੀਕੀ। ਜਦ ਤਕ ਪਰਵਾਰ ਰੀਆ ਵੱਲ ਦੌੜਿਆ, ਸੱਪ ਨੇ ਉਸ ਨੂੰ ਡੰਗ ਲਿਆ। ਉਹ ਉਸ ਨੂੰ ਹਸਪਤਾਲ ਲੈ ਗਏ, ਜਿੱਥੇ ਘੰਟੇ ਬਾਅਦ ਉਸਦੀ ਮੌਤ ਹੋ ਗਈ। ਡਾਕਟਰਾਂ ਨੇ ਪਰਵਾਰ ਨੂੰ ਦੱਸਿਆ ਕਿ ਬੱਚੀ ਦੇ ਸਰੀਰ ਵਿੱਚ ਜ਼ਹਿਰ ਫੈਲ ਜਾਣ ਕਾਰਨ ਉਸ ਦੀ ਮੌਤ ਹੋ ਗਈ। ਉਸ ਦੇ ਪਿਤਾ ਦਿਹਾੜੀਦਾਰ ਹਨ।

ਇਸ ਦੌਰਾਨ ਸਿਵਲ ਹਸਪਤਾਲ ਦੇ ਡਾਕਟਰਾਂ ਦਾ ਕਹਿਣਾ ਹੈ ਕਿ ਇਨ੍ਹੀਂ ਦਿਨੀਂ ਸੱਪ ਦੇ ਡੰਗਣ ਦੇ ਕੇਸਬਰਸਾਤ ਦੇ ਸੀਜ਼ਨ ਕਾਰਨ ਵੱਧ ਰਹੇ ਹਨ। ਬਹੁਤੇ ਕੇਸ ਪੇਂਡੂ ਖੇਤਰ ਤੋਂ ਆ ਰਹੇ ਹਨ।

# ਤਿਉਣਾ ਪੁਜਾਰੀਆਂ ਵਿੱਚ ਫੱਟੀ ਮਾਰ ਕੇ ਪਤਨੀ ਤੇ ਧੀ ਦੀ ਹੱਤਿਆ

ਤਲਵੰਡੀ ਸਾਬੋ, 27 ਜੁਲਾਈ (ਪੋਸਟ ਬਿਊਰੋ)- ਪਿੰਡ ਤਿਉਣਾ ਪੁਜਾਰੀਆਂ ਵਿੱਚ ਕੱਲ੍ਹ ਇੱਕ ਆਦਮੀ ਨੇ ਫੱਟੀ ਮਾਰ ਕੇ ਆਪਣੀ ਪਤਨੀ ਅਤੇ ਛੇ ਸਾਲਾ ਦੀ ਧੀ ਦੀ ਹੱਤਿਆ ਕਰ ਦਿੱਤੀ। ਤਲਵੰਡੀ ਸਾਬੋ ਪੁਲਸ ਨੇ ਮ੍ਰਿਤਕਾ ਦੇ ਪਿਤਾ ਦੇ ਬਿਆਨਾਂ ਦੇ ਆਧਾਰ ਉੱਤੇ ਮੁਲਜ਼ਮ ਅਤੇ ਉਸ ਦੇ ਮਾਤਾ-ਪਿਤਾ ਖਿਲਾਫ ਕੇਸ ਦਰਜ ਕਰ ਲਿਆ ਹੈ।



ਮ੍ਰਿਤਕਾ ਦੇ ਪਿਤਾ ਅਜਮੇਰ ਸਿੰਘ ਵਾਸੀ ਕਰਾਈਵਾਲਾ (ਮੁਕਤਸਰ) ਨੇ ਪੁਲਸ ਨੂੰ ਦੱਸਿਆ ਕਿ ਉਸ ਦੀ ਲੜਕੀ ਜਸਵੀਰ ਕੌਰ ਪਿੰਡ ਤਿਉਣਾ ਪੁਜਾਰੀਆਂ ਦੇ ਅਮਰਜੀਤ ਸਿੰਘ ਉਰਫ ਅਮਰਾ ਪੁੱਤਰ ਬਲਕੌਰ ਸਿੰਘ ਨਾਲ ਵਿਆਹੀ ਹੋਈ ਸੀ। ਉਸ ਕੋਲ ਇੱਕ ਪੁੱਤਰ ਲਖਵਿੰਦਰ ਸਿੰਘ ਅਤੇ ਇੱਕ ਧੀ ਸੁਖਪ੍ਰੀਤ ਕੌਰ ਹੈ। ਉਸ ਨੇ ਦੱਸਿਆ ਕਿ ਅਮਰਜੀਤ ਸਿੰਘ ਸ਼ਰਾਬ ਪੀਣ ਦਾ ਆਦੀ ਸੀ ਤੇ ਉਹ ਜਸਵੀਰ ਕੌਰ ਦੀ ਹਮੇਸ਼ਾ ਕੁੱਟਮਾਰ ਕਰਦਾ ਸੀ। ਉਨ੍ਹਾਂ ਦੱਸਿਆ ਕਿ ਕੱਲ੍ਹ ਜਸਵੀਰ ਨੇ ਫੋਨ ਕਰ ਕੇ ਉਸ ਨੂੰ ਕਿਹਾ ਕਿ ਅਮਰਜੀਤ ਉਸ ਨੂੰ ਕੁੱਟਦਾ ਹੈ। ਕੁਝ ਸਮੇਂ ਬਾਅਦ ਉਸ ਦੇ ਦੋਹਤੇ ਲਖਵਿੰਦਰ ਸਿੰਘ (10) ਨੇ ਫੋਨ ਕਰ ਕੇ ਦੱਸਿਆ ਕਿ ਉਸ ਦੇ ਪਿਤਾ ਨੇ ਉਸ ਦੀ ਮਾਤਾ ਜਸਵੀਰ ਕੌਰ ਨੂੰ ਫੱਟੀ ਮਾਰ ਕੇ ਮਾਰ ਦਿੱਤਾ ਹੈ। ਜਦੋਂ ਉਹ ਆਪਣੇ ਪੁੱਤਰਾਂ ਸਮੇਤ ਪਿੰਡ ਤਿਉਣਾ ਪਹੁੰਚਿਆ ਤਾਂ ਜਸਵੀਰ ਕੌਰ ਦੀ ਲਾਸ਼ ਵਿਹੜੇ ਵਿੱਚ ਪਈ ਸੀ। ਉਸ ਦੀ ਦੋਹਤੀ ਸੁਖਪ੍ਰੀਤ ਕੌਰ ਨੂੰ ਜ਼ਖਮੀ ਹਾਲਤ ਵਿੱਚ ਪਿੰਡ ਵਾਸੀਆਂ ਨੇ ਸਿਵਲ ਹਸਪਤਾਲ ਤਲਵੰਡੀ ਸਾਬੋ ਵਿੱਚ ਪੁਚਾਇਆ, ਪਰ ਉਦੋਂ ਤਕ ਉਸ ਦੀ ਵੀ ਮੌਤ ਹੋ ਗਈ।ਉਸ ਨੇ ਦੋਸ਼ ਲਾਇਆ ਕਿ ਇਸ ਵਿੱਚ ਅਮਰਜੀਤ ਸਿੰਘ ਦੇ ਮਾਤਾ ਪਿਤਾ ਦਾ ਵੀ ਹੱਥ ਹੈ। ਡੀ ਐਸ ਪੀ ਨੇ ਦੱਸਿਆ ਕਿ ਅਮਰਜੀਤ ਸਿੰਘ ਤੇ ਉਸ ਦੇ ਮਾਤਾ-ਪਿਤਾ ਉੱਤੇ ਕੇਸ ਦਰਜ ਕਰ ਲਿਆ ਹੈ।

# ਪੰਚਾਇਤੀ ਜ਼ਮੀਨ ਨੂੰ ਪਾਣੀ ਲਾਉਣ ਤੋਂ ਗੋਲੀ ਚੱਲੀ, ਕਿਸਾਨ ਦੀ ਮੌਤ

ਤਲਵੰਡੀ ਸਾਬੋ, 27 ਜੁਲਾਈ (ਪੋਸਟ ਬਿਊਰੋ)- ਸਬ-ਡਵੀਜ਼ਨ ਤਲਵੰਡੀ ਸਾਬੋ ਦੇ ਪਿੰਡ ਰਾਈਆ ਵਿਖੇ ਪੰਚਾਇਤੀ ਜ਼ਮੀਨ ਲਈ ਪਾਣੀ ਦੀ ਵਾਰੀ ਮੌਕੇ ਚੱਲੀਆਂ ਗੋਲੀਆਂ ਦੌਰਾਨ ਕੱਲ੍ਹ ਇੱਕ ਕਿਸਾਨ ਦੀ ਮੌਤ ਹੋ ਗਈ। ਮ੍ਰਿਤਕ ਕਿਸਾਨ ਦੀ ਲਾਸ਼ ਲੈ ਕੇ ਸਿਵਲ ਹਸਪਤਾਲ ਪੁੱਜੇ ਖੁਸ਼ਦੀਪ ਸਿੰਘ ਦੇ ਅਨੁਸਾਰ ਹਰਿਆਣਾ ਨਾਲ ਦੇ ਪਿੰਡ ਰਾਈਆ ਵਿੱਚ ਪੰਚਾਇਤੀ ਜ਼ਮੀਨ ਬੀਤੇ ਦਿਨੀਂ ਬੋਲੀ ਰਾਹੀਂ ਅਸੀਂ ਠੇਕੇ ਉੱਤੇ ਲਈ ਸੀ।ਉਸ ਜ਼ਮੀਨ ਨੂੰ ਪਾਣੀ ਦੀ ਵਾਰੀ ਲਾਉਣ ਜਦੋਂ ਅਸੀਂ ਉਥੇ ਪੁੱਜੇ ਤਾਂ ਪਿੰਡ ਦੇ ਸਾਬਕਾ ਸਰਪੰਚ



ਅੰਮ੍ਰਿਤਪਾਲ ਸਿੰਘ ਤੇ ਕ੍ਰਿਪਾਲ ਸਿੰਘ ਉਥੇ ਪੁੱਜ ਗਏ ਅਤੇ ਸਾਨੂੰ ਪਾਣੀ ਨਾ ਵੱਢਣ ਦੀ ਚਿਤਾਵਨੀ ਦੇਣ ਲੱਗੇ।ਇਸੇ ਦੌਰਾਨ ਤਕਰਾਰ ਵਿੱਚ ਉਕਤ ਧਿਰ ਨੇ ਗੋਲੀ ਚਲਾ ਦਿੱਤੀ, ਜਿਸ ਨਾਲ ਨੌਜਵਾਨ ਕਿਸਾਨ ਭੁੱਚਰ ਸਿੰਘ (25) ਦੇ ਦੋ ਗੋਲੀਆਂ ਲੱਗੀਆਂ। ਉਸ ਨੂੰ ਤਲਵੰਡੀ ਸਾਬੋ ਸ਼ਹੀਦ ਬਾਬਾ ਦੀਪ ਸਿੰਘ ਸਿਵਲ ਹਸਤਾਲ ਵਿੱਚ ਲਿਆਂਦਾ ਤਾਂ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ। ਖੁਸ਼ਦੀਪ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਉਕਤ ਵਿਵਾਦ ਬਾਰੇ ਪਹਿਲਾਂ ਹੀ ਪੁਲਸ ਕੋਲ ਸ਼ੱਕ ਪ੍ਰਗਟ ਕਰਦੇ ਹੋਏ ਦੱਸਿਆ ਸੀ ਕਿ ਦੂਜੀ ਧਿਰ ਦੇ ਵਿਅਕਤੀ ਅਸਲੇ ਸਮੇਤ ਪਿੰਡ ਵਿੱਚ ਘੁੰਮਦੇ ਹਨ, ਪਰ ਪੁਲਸ ਨੇ ਕਰਵਾਈ ਨਹੀਂ ਕੀਤੀ, ਜਿਸ ਕਾਰਨ ਕੱਲ੍ਹ ਇਹ ਦੁਖਦਾਈ ਘਟਨਾ ਵਾਪਰ ਗਈ।

## ਜੇ ਈ 10,000 ਰੁਪਏ ਵੱਢੀ ਲੈਂਦਾ ਕਾਬੂ

ਚੰਡੀਗੜ੍ਹ, 27 ਜੁਲਾਈ (ਪੋਸਟ ਬਿਊਰੋ)- ਪੰਜਾਬ ਵਿਜੀਲੈਂਸ ਨੇ ਕੱਲ੍ਹ ਪੀ ਐਸ ਪੀ ਸੀ ਐਲ ਅਲਾਵਲਪੁਰਾ, ਜਲੰਧਰ ਦੇ ਜੂਨੀਅਰ ਇੰਜੀਨੀਅਰ ਸ਼ਾਮ ਸਿੰਘ ਨੂੰ ਬਿਜਲੀ ਦਾ ਟਰਾਂਸਫ਼ਾਰਮਰ ਲਾਉਣ ਲਈ 10,000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰ ਲਿਆ ਅਤੇ ਉਸ ਉੱਤੇ ਕੇਸ ਦਰਜ ਕਰ ਦਿੱਤਾ ਹੈ। ਇਸ ਬਾਰੇ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਤਰਲੋਚਨ ਸਿੰਘ ਪਿੰਡ ਸਰਮਸਤਪੁਰ, ਜ਼ਿਲ੍ਹਾ ਜਲੰਧਰ ਦੀ ਸ਼ਿਕਾਇਤ ਉੱਤੇਦੋਸ਼ੀ ਸ਼ਾਮ ਸਿੰਘ ਜੇ ਈ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਸੀ ਕਿ ਉਹ ਛੋਟਾ ਕਿਸਾਨ ਹੈ ਅਤੇ ਉਸ ਨੇ ਆਪਣੇ ਟਿਊਬਵੈਲ ਲਈ ਨਿੱਜੀ ਟਰਾਂਸਫ਼ਾਰਮਰ ਲਈ ਅਰਜ਼ੀ ਦਿੱਤੀ ਹੋਈ ਹੈ। ਉਸ ਦੱਸਿਆ ਕਿ ਪੀ ਐਸ ਪੀ ਸੀ ਐਲ ਵੱਲੋਂ ਉਸ ਨੂੰ ਟਰਾਂਸਫ਼ਾਰਮਰ ਲਾਉਣ ਦਾ ਦਿੱਤਾ ਕੰਮ ਪੂਰਾ ਹੋ ਚੁੱਕਾ ਹੈ, ਪਰ ਜੇ ਈ ਨੇ 15,000 ਰੁਪਏ ਰਿਸ਼ਵਤ ਮੰਗੀ ਹੈ ਅਤੇ ਸੌਦਾ 10,000 ਰੁਪਏ ਵਿੱਚ ਹੋਇਆ ਹੈ।ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤ ਦੀ ਜਾਂਚ ਪਿੱਛੋਂ ਵਿਜੀਲੈਂਸ ਟੀਮ ਨੇ ਜਾਲ ਵਿਛਾਇਆ ਅਤੇ ਦੋਸ਼ੀ ਨੂੰ ਸ਼ਿਕਾਇਤਕਰਤਾ ਤੋਂ 10,000 ਰੁਪਏ ਰਿਸ਼ਵਤ ਲੈਂਦਿਆਂ ਮੌਕੇ ਉੱਤੇ ਕਾਬੂ ਕਰ ਲਿਆ। ਉਨ੍ਹਾਂ ਦੱਸਿਆ ਕਿ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਥਾਣਾ ਵਿਜੀਲੈਂਸ ਬਿਊਰੋ ਜਲੰਧਰ ਵਿਖੇ ਕੇਸ ਦਰਜ ਕਰ ਲਿਆ ਅਤੇ ਅਗਲੀ ਕਾਰਵਾਈ ਜਾਰੀ ਹੈ।

# ਗਾਇਕ ਬਲਵਿੰਦਰ ਸਫ਼ਰੀ ਸਾਹਾਂ ਦਾ ਸਫ਼ਰ ਮੁਕਾ ਕੇ ਜਹਾਨੋਂ ਰੁਖ਼ਸਤ

ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ) ਯੂਕੇ ਦੀ ਧਰਤੀ ਬਰਮਿੰਘਮ ਤੋਂ 1980 ਦੇ ਲਗਭਗ ਇੱਕ ਆਵਾਜ ਦਾ ਆਗਮਨ ਹੋਇਆ ਸੀ, ਜਿਸਨੇ ਢੋਲ ਢਮੱਕੇ ਵਾਲੀ ਗਾਇਕੀ ਨੂੰ ਇੱਕ ਨਵਾਂ ਮੁਹਾਂਦਰਾ ਦਿੱਤਾ ਸੀ। ਹਰ ਸਾਹ ਨਾਲ ਸੰਗੀਤ ਨੂੰ ਪ੍ਰਣਾਇਆ ਬੀਬਾ ਗਾਇਕ ਬਲਵਿੰਦਰ ਸਿੰਘ ਸਫਰੀ 63 ਸਾਲ ਦੀ ਉਮਰ 'ਚ ਆਪਣਾ ਸਾਹਾਂ ਦਾ ਸਫਰ ਮੁਕਾ ਗਿਆ। ਜ਼ਿਕਰਯੋਗ ਹੈ ਕਿ ਬਲਵਿੰਦਰ ਸਫਰੀ 1990 ਵਿੱਚ ਸਫਰੀ ਬੁਆਇਜ਼ ਸੰਗੀਤ ਗਰੁੱਪ ਨਾਲ



ਚਰਚਾ ਵਿੱਚ ਆਏ ਤੇ ਉਹਨਾਂ ਮੁੜ ਕੇ ਪਿਛਾਂਹ ਨਹੀਂ ਦੇਖਿਆ। ਉਹ ਪਿਛਲੇ ਲੰਮੇ ਸਮੇਂ ਤੋਂ ਕੋਮਾ ਵਿੱਚ ਸਨ। ਅਪ੍ਰੈਲ ਮਹੀਨੇ ਉਹਨਾਂ ਦਾ ਦਿਲ ਦਾ ਸਫ਼ਲ ਆਪ੍ਰੇਸ਼ਨ ਵੀ ਹੋਇਆ ਸੀ। ਬੀਤੇ ਦਿਨੀਂ ਉਹ ਕੋਮਾ ਵਿੱਚੋਂ ਬਾਹਰ ਆਏ ਸਨ ਤੇ ਅੱਜ ਸਾਹਾਂ ਦਾ ਪੰਧ ਮੁਕਾ ਕੇ ਜਹਾਨੋਂ ਰੁਖ਼ਸਤ ਹੋ ਗਏ। ਉਹਨਾਂ ਦੇ ਅਕਾਲ ਚਲਾਣੇ 'ਤੇ ਸੋਸ਼ਲ ਮੀਡੀਆ 'ਤੇ ਤਾਂ ਸੋਗ ਦੀ ਲਹਿਰ ਫੈਲੀ ਹੀ ਹੋਈ ਹੈ ਸਗੋਂ ਅੰਗਰੇਜੀ ਮੀਡੀਆ ਦਾ ਵੀ ਅਦਾਰਾ ਅਜਿਹਾ ਨਹੀਂ ਹੋਵੇਗਾ ਜਿਸਨੇ ਉਹਨਾਂ ਦੇ ਵਿਛੋੜੇ ਨੂੰ ਖਬਰ ਵਜੋਂ ਨਸ਼ਰ ਨਾ ਕੀਤਾ ਹੋਵੇ। ਸੰਗੀਤ ਨੂੰ ਪਿਆਰਨ ਵਾਲੇ ਲੋਕਾਂ ਵੱਲੋਂ ਬਲਵਿੰਦਰ ਸਫਰੀ ਜੀ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਇਜ਼ਹਾਰ ਕੀਤਾ ਜਾ ਰਿਹਾ ਹੈ।

# ਵਿੱਕੀ ਮਿੱਡੂਖੇੜਾ ਕਤਲ ਕੇਸ : ਗੈਂਗਸਟਰ ਭੂਪੀ ਰਾਣਾ ਤੇ ਪੰਜ ਸ਼ਾਰਪ ਸ਼ੂਟਰਾਂ ਖ਼ਿਲਾਫ਼ ਮੋਹਾਲੀ ਪੁਲਸ ਵੱਲੋਂ ਚਾਰਜਸ਼ੀਟ ਪੇਸ਼

ਮੋਹਾਲੀ, 27 ਜੁਲਾਈ (ਪੋਸਟ ਬਿਊਰੋ)- ਵਿੱਕੀ ਮਿੱਡੂਖੇੜਾ ਕਤਲ ਕੇਸ ਵਿੱਚ ਮੋਹਾਲੀ ਪੁਲਸ ਨੇ ਕੱਲ੍ਹ ਭੂਪੀ ਰਾਣਾ ਅਤੇ ਪੰਜ ਸ਼ਾਰਪ ਸ਼ੂਟਰਾਂ ਖ਼ਿਲਾਫ਼ ਚਾਰਜਸ਼ੀਟ ਦਾਇਰ ਕਰ ਦਿੱਤੀ ਹੈ। ਇਸ ਕੇਸ ਦੀ ਜਾਂਚ ਲਈ ਬਣਾਈ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਵੱਲੋਂ ਪੇਸ਼ ਚਾਰਜਸ਼ੀਟ ਵਿੱਚ ਅਨਿਲ ਕੁਮਾਰ ਉਰਫ਼ ਲੱਠ, ਸੱਜਣ ਸਿੰਘ ਉਰਫ਼ ਭੋਲੂ, ਅਜੇ ਕੁਮਾਰ ਉਰਫ਼ ਸੰਨੀ (ਖੱਬੂ ਨਿਸ਼ਾਨੇਬਾਜ਼), ਅਮਿਤ ਡਾਗਰ, ਕੌਸ਼ਲ ਚੌਧਰੀ ਅਤੇ



ਭੁਪਿੰਦਰ ਸਿੰਘ ਉਰਫ਼ ਭੂਪੀ ਰਾਣਾ ਵਿਰੁੱਧ ਦੋਸ਼ ਦੱਸੇ ਗਏ ਹਨ। ਪੁਲਸ ਨੇ ਅਜੇ ਤਕ ਅਰਮੀਨੀਆ ਵਿਚਲੇ ਗੈਂਗਸਟਰ ਗੌਰਵ ਪਡਿਆਲ ਉਰਫ ਲੱਕੀ ਪਡਿਆਲ, ਜਿਹੜਾ ਗੌਰਵ-ਬੰਬੀਹਾ ਗੈਂਗ ਨੂੰ ਚਲਾ ਰਿਹਾ ਹੈ, ਦੇ ਖ਼ਿਲਾਫ਼ ਕੋਈ ਚਾਰਜਸ਼ੀਟ ਦਾਇਰ ਨਹੀਂ ਕੀਤੀ।


ਇਸ ਮੌਕੇ ਸਪੱਸ਼ਟ ਹੋ ਗਿਆ ਹੈ ਕਿ ਇੱਕ ਪੰਜਾਬੀ ਸਿੰਗਰ ਦੇ ਮੈਨੇਜਰ ਸ਼ਗਨਪ੍ਰੀਤ ਸਿੰਘ ਨੂੰ ਫੜਨ ਲਈ ਦਿੱਲੀ ਪੁਲਸ ਵੱਲੋਂ ਉਸ ਦੇ ਮੋਹਾਲੀ ਵਾਲੇ ਘਰਛਾਪੇਮਾਰੀ ਤੋਂ ਕੁਝ ਦਿਨ ਬਾਅਦ ਉਹ ਆਸਟ੍ਰੇਲੀਆ ਨੂੰ ਭੱਜ ਗਿਆ ਸੀ।ਤਿੰਨਾਂ ਸ਼ਾਰਪ ਸ਼ੂਟਰਾਂ ਦਾ ਦਾਅਵਾ ਹੈ ਕਿ ਉਨ੍ਹਾਂ ਦੀ ਜਾਣ-ਪਛਾਣ ਸ਼ਗਨਪ੍ਰੀਤ ਸਿੰਘ ਨੇ ਕਰਵਾਈ ਸੀ ਅਤੇ ਮਿੱਡੂਖੇੜਾ ਨੂੰ ਮਾਰਨ ਤੋਂ ਬਾਅਦ ਉਹ ਫਰਾਰ ਹੋ ਗਏ ਸਨ। ਉਨ੍ਹਾਂ ਸਾਰਿਆਂ ਨੇ ਵਿੱਕੀ ਮਿੱਡੂਖੇੜਾ ਦੇ ਘਰ ਦੀ ਰੇਕੀ ਲਈ ਸ਼ਗਨਪ੍ਰੀਤ ਦੀ ਕਾਰ ਦੀ ਵਰਤੋਂ ਕੀਤੀ ਸੀ, ਜੋ ਅਜੇ ਮੋਹਾਲੀ ਪੁਲਸ ਦੀ ਪਹੁੰਚ ਤੋਂ ਬਾਹਰ ਹੈ। ਮੋਹਾਲੀ ਪੁਲਸ ਨੇ ਕੇਸ ਵਿੱਚ ਸ਼ਗਨਪ੍ਰੀਤ ਸਿੰਘ ਨੂੰ ਵੀ ਨਾਮਜ਼ਦ ਕੀਤਾ ਹੈ ਤੇ ਉਸ ਦੀ ਗ੍ਰਿਫ਼ਤਾਰੀ ਲਈ ਲੁੱਕ ਆਊਟ ਨੋਟਿਸ ਜਾਰੀ ਕੀਤਾ ਹੈ। ਪੁਲਸ ਨੇ ਦੱਸਿਆ ਕਿ ਮਿੱਡੂਖੇੜਾ ਉੱਤੇ ਹਮਲੇ ਤੋਂ ਇੱਕ ਰਾਤ ਪਹਿਲਾਂ ਸ਼ਗਨਪ੍ਰੀਤ ਨੇ ਵਿੱਕੀ ਮਿੱਡੂਖੇੜਾ ਦੇ ਕਾਤਲਾਂ ਨੂੰ ਜਲਵਾਯੂ ਵਿਹਾਰ ਵਿਖੇ ਪਨਾਹ ਦਿੱਤੀ ਸੀ। ਇਸ ਨਾਲ ਉਸ ਵਿਰੁੱਧ ਮਾਮਲਾ ਗੰਭੀਰ ਹੋ ਸਕਦਾ ਹੈ।

# ਅਸਾਲਟ ਵਿੱਚੋਂ ਅਚਾਨਕ ਗੋਲੀਆਂ ਚੱਲਣ ਨਾਲ ਥਾਣੇਦਾਰ ਦੀ ਮੌਤ

ਜਗਰਾਓਂ, 27 ਜੁਲਾਈ (ਪੋਸਟ ਬਿਊਰੋ)- ਜਗਰਾਓਂ ਪੁਲਸ ਲਾਈਨ ਵਿੱਚ ਅਸਾਲਟ ਵਿੱਚੋਂ ਅਚਾਨਕ ਗੋਲੀਆਂ ਚੱਲਣ ਕਾਰਨ ਥਾਣੇਦਾਰ ਦੀ ਮੌਤ ਹੋ ਗਈ। ਸ਼ੁਰੂ ਦੀ ਜਾਂਚ ਵਿੱਚ ਮੌਤ ਦੇ ਕਾਰਨਾਂ ਦਾ ਪਤਾ ਨਹੀਂ ਲੱਗਾ, ਪਰ ਪੁਲਸ ਦਾ ਮੰਨਣਾ ਹੈ ਕਿ ਅਸਲਾ ਚੈਕ ਕਰਦਿਆਂ ਅਚਾਨਕ ਦੋ ਗੋਲੀਆਂ ਚੱਲਣ ਨਾਲ ਥਾਣੇਦਾਰ ਦੀ ਮੌਤ ਹੋਈ ਹੈ।



ਪੁਲਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੀ ਕੁਇਕ ਰਿਸਪਾਂਸ ਟੀਮ ਦਾ ਥਾਣੇਦਾਰ ਗੁਰਜੀਤ ਸਿਘ ਵਾਸੀ ਜਨੇਤਪੁਰਾ ਬੀਤੀ ਸ਼ਾਮ ਪੁਲਸ ਲਾਈਨ ਵਿਖੇ ਪਹੁੰਚਿਆ ਤਾਂ ਅਸਲਾ ਚੁੱਕਣ ਲਈ ਉਹ ਪੁਲਸ ਲਾਈਨ ਦੀ ਐਮ ਟੀਮ ਬ੍ਰਾਂਚ ਵਿੱਚ ਗਿਆ। ਉਸ ਦੀ ਡਿਊਟੀ ਰਾਤ ਅੱਠ ਵਜੇ ਸ਼ੁਰੂ ਹੋਣੀ ਸੀ। ਉਸ ਤੋਂ ਕੁਝ ਸਮਾਂ ਪਹਿਲਾਂ ਪੁਲਸ ਲਾਈਨ ਦੇ ਇੱਕ ਕਮਰੇ ਵਿੱਚ ਅਚਾਨਕ ਦੋ ਗੋਲੀਆਂ ਚੱਲਣ ਦੀ ਆਵਾਜ਼ ਆਈ, ਜਿਸ ਨਾਲ ਭਾਜੜ ਮਚ ਗਈ। ਪੁਲਸ ਮੁਲਾਜ਼ਮਾਂ ਨੇ ਦੇਖਿਆ ਤਾਂ ਗੁਰਜੀਤ ਸਿੰਘ ਖੂਨ ਨਾਲ ਲਥਪਥ ਜ਼ਮੀਨ ਉੱਤੇ ਪਿਆਸੀ। ਉਨ੍ਹਾਂ ਨੇ ਉਸ ਨੂੰ ਜਗਰਾਓਂ ਸਿਵਲ ਹਸਪਤਾਲ ਪੁਚਾਇਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਘਟਨਾ ਦੀ ਸੂਚਨਾ ਮਿਲਦੇ ਹੀ ਸੀਨੀਅਰ ਪੁਲਸ ਅਫਸਰਮੌਕੇ ਉੱਤੇ ਪਹੁੰਚੇ। ਗੁਰਜੀਤ ਸਿੰਘ ਦੀ ਛਾਤੀ ਵਿੱਚ ਦੋ ਗੋਲੀਆਂ ਲੱਗੀਆਂ ਸਨ। ਪੁਲਸ ਦਾ ਮੰਨਣਾ ਹੈ ਕਿ ਜਦੋਂ ਗੁਰਜੀਤ ਸਿੰਘ ਆਪਣਾ ਅਸਲਾ ਚੁੱਕਣ ਲੱਗਾ ਤਾਂ ਉਸ ਦੀ ਅਸਾਲਟ ਆਟੋ ਮੋਡ ਉੱਤੇਹੋਣ ਕਾਰਨ ਅਚਾਨਕ ਗੋਲੀਆਂ ਚੱਲ ਗਈਆਂ ਜਿਨ੍ਹਾਂ ਵਿੱਚੋਂ ਦੋ ਗੋਲੀਆਂ ਉਸ ਦੀ ਛਾਤੀ ਵਿੱਚ ਜਾ ਲੱਗੀਆਂ।




# ਐਕਸਪ੍ਰੈਸ ਵੇਅ ਦੇ ਜ਼ਮੀਨ ਘੁਟਾਲੇ ਦੀ ਜਾਂਚ ਲਈ ਪੰਚਾਇਤ ਮੰਤਰੀ ਦਾ ਹੁਕਮ

ਮਾਨਾਂਵਾਲਾ, 27 ਜੁਲਾਈ (ਪੋਸਟ ਬਿਊਰੋ)- ਪੰਜਾਬ ਦੀ ਪਿਛਲੀ ਕਾਂਗਰਸ ਸਰਕਾਰ ਦੇ ਕੀਤੇ ਕੰਮਾਂ ਵਿੱਚ ਬੇਨਿਯਮੀਆਂ ਅਤੇ ਘੁਟਾਲਿਆਂ ਨੂੰ ਲੋਕਾਂ ਸਾਹਮਣੇ ਲਿਆਉਣ ਦੇ ਮਕਸਦ ਨਾਲ ਕੱਲ੍ਹ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਤੇ ਗੁਰਪ੍ਰੀਤ ਸਿੰਘ ਸੂਦਨ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਪਿੰਡ ਮਾਨਾਂਵਾਲਾ ਵਿਖੇ ਪਹੁੰਚੇ ਜਿੱਥੇ ਨੈਸ਼ਨਲ ਹਾਈਵੇ ਅਥਾਰਟੀ ਨੇ ਦਿੱਲੀ ਕਟੜਾ ਅੰਮ੍ਰਿਤਸਰ ਹਾਈਵੇਜ਼ ਲਈ ਜ਼ਮੀਨ ਐਕਵਾਇਰ ਕੀਤੀ ਹੈ। ਇਸ ਜ਼ਮੀਨ ਨੂੰ



ਪਿਛਲੀ ਕਾਂਗਰਸ ਸਰਕਾਰ ਤੇ ਅਫ਼ਸਰਸ਼ਾਹੀ ਦੀ ਮਿਲੀਭਗਤ ਕਰ ਕਮਰਸ਼ੀਅਲ ਕਰਕੇ ਵੱਧ ਮੁਆਵਜ਼ਾ ਵਸੂਲਣ ਦਾ ਮਾਮਲਾ ਸਾਹਮਣੇ ਆਇਆ ਹੈ ਅਤੇ ਕਿਸਾਨਾਂ ਨੇ ਇਸ ਵਿੱਚ ਦੋਸ਼ ਲਾਇਆ ਹੈ ਕਿ ਇਸ ਨਾਲ ਕਾਂਗਰਸ ਸਰਕਾਰ ਵੇਲੇ ਆਪਣੇ ਖਾਸਮ-ਖਾਸ ਲੋਕਾਂ ਨੂੰ ਸਰਕਾਰੀ ਨਿਯਮਾਂ ਦੇ ਉਲਟ ਕਰੋੜਾਂ ਦਾ ਫ਼ਾਇਦਾ ਪਹੁੰਚਾਇਆ ਗਿਆ ਹੈ।

ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਇਸ ਦੀ ਜਾਂਚ ਦੋ ਹਫ਼ਤਿਆਂ ਵਿੱਚ ਕਰਵਾਈ ਜਾਵੇਗੀ ਅਤੇ ਘੁਟਾਲੇ ਤੇ ਬੇਨਿਯਮੀਆਂ ਵਿੱਚ ਜੋ ਵੀ ਸ਼ਾਮਲ ਹੋਇਆ, ਉਸ ਉੱਤੇ ਸਖ਼ਤ ਕਾਨੂੰਨੀ ਕਾਰਵਾਈ ਹੋਵੇਗੀ। ਉਨ੍ਹਾਂ ਕਿਹਾ ਕਿ ਅਜੇ ਇਹ ਇੱਕ ਪਿੰਡ ਦਾ ਮਾਮਲਾ ਹੈ, ਪੰਜਾਬ ਦੇ ਸੈਂਕੜੇ ਪਿੰਡਾਂ ਵਿੱਚ ਏਦਾਂ ਦੀਆਂ ਧਾਂਦਲੀਆਂ ਹੋਈਆਂ ਹੋਣਗੀਆਂ ਜਿਸ ਨਾਲ ਕੇਂਦਰ ਸਰਕਾਰ ਨੂੰ ਹਜ਼ਾਰਾਂ ਕਰੋੜ ਰੁਪਏ ਦਾ ਚੂਨਾ ਲਾਇਆ ਹੋਏਗਾ, ਜਿਸ ਦੀ ਵੱਡੀ ਪੱਧਰ ਉੱਤੇ ਜਾਂਚ-ਕਰਾਈ ਜਾਵੇਗੀ ਅਤੇ ਕੋਈ ਵੀ ਦੋਸ਼ੀ ਸੁੱਕਾ ਨਹੀਂ ਜਾਣ ਦਿੱਤਾ ਜਾਵੇਗਾ।

# ਜਿਸ ਜੈਕੇਟ ਵਿੱਚੋਂ ਨਸ਼ੇ ਮਿਲੇ ਦਿਖਾਏ, ਪੁਲਸ ਨੇ ਉਹ ਕਬਜ਼ੇ ਵਿੱਚ ਹੀ ਨਹੀਂ ਲਈ

ਜਲੰਧਰ, 27 ਜੁਲਾਈ (ਪੋਸਟ ਬਿਊਰੋ)- ਅਦਾਲਤ ਨੇ 250 ਗਰਾਮ ਨਸ਼ੀਲੇ ਪਾਊਡਰ ਸਮੇਤ ਫੜੇ ਸੁੱਖਾ ਕਾਹਲਵਾਂ ਗੈਂਗ ਦੇ ਕਰੀਬੀ ਗੁਰਪ੍ਰੀਤ ਸਿੰਘ ਉਰਫ ਗੋਪੀ ਸ਼ੂਟਰ ਅਤੇ ਸਾਥੀ ਅਮਿਤ ਉਰਫ ਕਾਕੂ ਨੂੰ ਬਰੀ ਕਰ ਦਿੱਤਾ ਹੈ। ਇਸ ਕੇਸ ਵਿੱਚ ਥਾਣਾ ਲਾਂਬੜਾ ਦੀ ਪੁਲਸ ਦੀ ਜਾਂਚ ਉੱਤੇ ਸਵਾਲ ਉਠੇ ਹਨ, ਕਿਉਂਕਿ ਜਿਸ ਜੈਕੇਟ ਵਿੱਚੋਂ ਨਸ਼ੇ ਮਿਲੇ ਦੱਸੇ ਸਨ, ਨਾ ਉਸ ਨੂੰ ਕਬਜ਼ੇ ਵਿੱਚ ਲਿਆ ਅਤੇ ਨਾ ਉਹ ਕਾਰ ਦਿਖਾਈ, ਜਿਸ ਵਿੱਚ ਸ਼ੂਟਰ ਆਇਆ ਸੀ।

ਵਰਨਣ ਯੋਗ ਹੈ ਕਿ 12 ਦਸੰਬਰ 2018 ਨੂੰ ਏ ਐਸ ਆਈ ਕੇਵਲ ਸਿੰਘ ਨੇ ਦਾਅਵਾ ਕੀਤਾ ਸੀ ਕਿ ਜਲੰਧਰ ਵੱਲੋਂ ਕਾਰ ਆਈ ਅਤੇ ਨਿੱਝਰ ਅੱਡੇ ਨੇੜੇ ਕਾਰ ਬੰਦ ਕਰ ਕੇ ਛੇ ਨੌਜਵਾਨ ਫਰਾਰ ਹੋ ਗਏ, ਪਰ ਡਰਾਈਵਿੰਗ ਸੀਟ ਉੱਤੇ ਬੈਠੇ ਟਾਂਡਾ ਨੇੜਲੇ ਪਿੰਡ ਘੋੜੇਬਾਹਾ ਦੇ ਗੁਰਪ੍ਰੀਤ ਸਿੰਘ ਉਰਫ ਗੋਪੀ ਸ਼ੂਟਰ ਦੀ ਜੈਕੇਟ ਵਿੱਚੋਂ 250 ਗਰਾਮ ਨਸ਼ੀਲਾ ਪਾਊਡਰ ਮਿਲਿਆ ਸੀ। ਇਸ ਦੌਰਾਨ ਦੋਸ਼ੀ ਨੂੰ 10 ਵਜੇ ਫੜਿਆ ਅਤੇ ਡੇਢ ਵਜੇ ਥਾਣੇ ਲੈ ਕੇ ਆ ਗਏ। ਬਚਾਅ ਪੱਖ ਦੇ ਐਡਵੋਕੇਟ ਰਾਜੇਸ਼ ਸ਼ਰਮਾ ਨੇ ਅਦਾਲਤ ਵਿੱਚ ਸਾਬਤ ਕੀਤਾ ਕਿ ਕੇਸ ਇਸ ਤੋਂ ਪਹਿਲਾਂ ਦਰਜ ਹੋਇਆ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਨਿੱਝਰ ਦੇ ਕੋਲ ਨਾਕਾਬੰਦੀ ਦੌਰਾਨ ਕਾਰ ਵਿੱਚ ਆਏ ਸੱਤ ਦੋਸ਼ੀ ਗੁਰਪ੍ਰੀਤ ਸਿੰਘ ਗੋਪੀ ਸ਼ੂਟਰ, ਗੁਰਪ੍ਰੀਤ ਸਿੰਘ ਉਰਫ ਗੋਪੀ ਨਿੱਝਰ, ਰਜਿੰਦਰ ਕੁਮਾਰ ਬੰਗੜ, ਸ਼ਹਿਜਾਦ ਚੌਹਾਨ ਉਰਫ ਛੋਟਾ, ਅਭਿਨਾਸ਼ ਉਰਫ ਸੰਜੂ, ਰਣਜੀਤ ਸਿੰਘ ਅਤੇ ਅਮਿਤ ਕੁਮਾਰ ਕਾਕੂ ਨੂੰ ਗ੍ਰਿਫਤਾਰ ਕੀਤਾ ਸੀ। ਪੁਲਸ ਦਾ ਦਾਅਵਾ ਸੀ ਕਿ ਇਹ ਗੈਂਗ ਬੈਂਕ ਅਤੇ ਏ ਟੀ ਐਮ ਲੁੱਟਣ ਦੀ ਤਾਕ ਵਿੱਚ ਸਨ। ਇਸ ਕੇਸ ਵਿੱਚ ਏ ਐਸ ਆਈ ਨਿਰੰਜਨ ਸਿੰਘ ਜਾਂਚ ਅਧਿਕਾਰੀ ਤੇ ਕੇਵਲ ਸਿੰਘ ਗਵਾਹ ਸਨ। ਬਚਾਅ ਪੱਖ ਨੇ ਏ ਐਸ ਆਈ ਕੇਵਲ ਸਿੰਘ ਨੂੰ ਸਵਾਲ ਕੀਤੇ ਤਾਂ ਉਸ ਨੇ ਕਿਹਾ ਕਿ ਦਸ ਵਜੇ ਦੋਸ਼ੀ ਫੜ ਕੇ ਡੇਢ ਵਜੇ ਥਾਣੇ ਲੈ ਆਏ ਸਨ। ਕੇਸ ਦੇ ਦੂਸਰੇ ਜਾਂਚ ਅਧਿਕਾਰੀ ਨਿਰੰਜਨ ਸਿੰਘ ਨੇ ਕਿਹਾ ਕਿ ਸੱਤ ਦੋਸ਼ੀ ਨਿੱਝਰ ਅੱਡੇ ਨੇੜਿਓਂ ਫੜ ਕੇ ਦੁਪਿਹਰੇ ਤਿੰਨ ਵਜੇ ਤਕ ਜਾਂਚ ਕਰਦੇ ਰਹੇ। ਬਚਾਅ ਪੱਖ ਨੇ ਜਾਮਾ ਤਲਾਸ਼ੀ ਦੀ ਰਿਪੋਰਟ ਪੇਸ਼ ਕੀਤੀ ਤਾਂ ਲਿਖਿਆ ਸੀ ਕਿ ਗੋਪੀ ਤੋਂ ਕੁਝ ਵੀ ਨਹੀਂ ਮਿਲਿਆ। ਜਾਂਚ ਕਰਤਾ ਨੇ ਕਿਹਾ ਕਿ ਬਰਾਮਦ ਨਸ਼ਾ ਕਾਕੂ ਦਾ ਸੀ, ਪਰ ਪੁਲਸ ਲਿੰਕ ਨਹੀਂ ਜੋੜ ਸਕੀ। ਬਚਾਅ ਪੱਖ ਨੇ ਰਿਕਾਰਡ ਤੋਂ ਸਾਬਤ ਕੀਤਾ ਹੈ ਕਿ ਜਿਸ ਜੈਕੇਟ ਤੋਂ ਬਰਾਮਦਗੀ ਦਿਖਾਈ ਉਹ ਹੈ ਹੀ ਨਹੀਂ ਤੇ ਨਾ ਕਾਰ ਹੈ ਅਤੇ ਗੋਪੀ ਸ਼ੂਟਰ ਦੇ ਪੰਜ ਸਾਥੀ ਕੇਸ ਵਿੱਚ ਨਹੀਂ ਦਿਖਾਏ ਗਏ, ਜਦ ਕਿਉਂਹ ਨਾਲ ਸਨ। ਬਚਾਅ ਪੱਖ ਨੇ ਦਲੀਲ ਦਿੱਤੀ ਕਿ ਝੂਠੇ ਕੇਸਾਂ ਵਿੱਚ ਫਸਾਉਣ ਲਈ ਬੰਦਾ ਘਰੋਂ ਚੁੱਕਿਆ ਸੀ। ਇਸ ਨਾਲ ਸਹਿਮਤ ਹੁੰਦੇ ਹੋਏ ਕੋਰਟ ਨੇ ਗੋਪੀ ਸ਼ੂਟਰ ਅਤੇ ਕਾਕੂ ਨੂੰ ਨਸ਼ੇ ਦੇ ਕੇਸ ਵਿੱਚੋਂ ਬਰੀ ਕਰ ਦਿੱਤਾ।

# ਕੇਜਰੀਵਾਲ ਨੇ ਗੁਜਰਾਤ ਦੇ ਵਪਾਰੀਆਂ ਨੂੰ ਪੰਜ ਗਾਰੰਟੀਆਂ ਦਿੱਤੀਆਂ



ਨਵੀਂ ਦਿੱਲੀ, 27 ਜੁਲਾਈ (ਪੋਸਟ ਬਿਊਰੋ)- ਗੁਜਰਾਤ ਦੇ ਰਾਜਕੋਟ ਵਿੱਚ ਟਾਊਨ ਹਾਲ ਮੀਟਿੰਗ ਦੌਰਾਨਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕੱਲ੍ਹ ਵਪਾਰੀਆਂ ਨੂੰ ਪੰਜ ਗਾਰੰਟੀਆਂ ਦੇ ਕੇ ਕਿਹਾ ਕਿ ਜੇ ਸਾਡੀ ਸਰਕਾਰ ਬਣੀ ਤਾਂ ਗੁਜਰਾਤ ਵਿੱਚ ਵਪਾਰੀ ਨਿਡਰ ਹੋ ਕੇ ਕਾਰੋਬਾਰ ਕਰ ਸਕਣਗੇ, ਅਸੀਂ ਵਪਾਰੀਆਂ ਨੂੰ ਸਰਕਾਰ ਦੇ ਹਿੱਸੇਦ-ਾਰ ਬਣਾਵਾਂਗੇ। ਵਪਾਰੀ ਸਮੱਸਿਆਵਾਂ ਦਾ ਹੱਲ ਦੱਸਣਗੇ ਅਤੇ ਸਰਕਾਰ ਲਾਗੂ ਕਰੇਗੀ। ਵਪਾਰੀਆਂ ਦੇ ਅੰਦਰੋਂ ਡਰ ਦਾ ਮਾਹੌਲ ਖ਼ਤਮ ਕਰ ਦਿਆਂਗੇ। ਸਾਰਿਆਂ ਨੂੰ ਸਨਮਾਨ ਮਿਲੇਗਾ ਅਤੇ ਭ੍ਰਿਸ਼ਟਾਚਾਰ ਤੋਂ ਆਜ਼ਾਦੀ ਦੇਵਾਂਗੇ।

ਕੇਜਰੀਵਾਲ ਨੇ ਕਿਹਾ ਕਿ ਮੈਂ ਨਿੱਜੀ ਤੌਰ ਉੱਤੇ ਜੀ ਐਸ ਟੀ ਪ੍ਰਣਾਲੀ ਦੇ ਹੱਕ ਵਿੱਚ ਨਹੀਂ ਹਾਂ। ਇਸ ਨੂੰ ਸਰਲ ਬਣਾਉਣ ਦੀ ਲੋੜ ਹੈ ਤਾਂ ਕਿ ਵਪਾਰੀ ਆਸਾਨੀ ਨਾਲ ਟੈਕਸ ਭਰ ਸਕਣ। 2015 ਵਿੱਚ ਜਦੋਂ ਦਿੱਲੀ ਵਿੱਚ ਸਾਡੀ ਸਰਕਾਰ ਬਣੀ ਤਾਂ ਦਿੱਲੀ ਸਰਕਾਰ ਦੀ ਕੁੱਲ ਆਮਦਨ 30,000 ਕਰੋੜ ਰੁਪਏ ਸੀ ਅਤੇ ਅੱਜ ਸੱਤ ਸਾਲਾਂ ਬਾਅਦ ਇਹ 75,000 ਕਰੋੜ ਰੁਪਏ ਹੈ। ਦਿੱਲੀ ਵਿੱਚ ਅਸੀਂ ਸੱਤ ਸਾਲ ਟੈਕਸ ਨਹੀਂ ਵਧਾਇਆ ਤੇ ਰੇਡ ਬੰਦ ਕਰ ਦਿੱਤੇ। ਅਸੀਂ ਸਾਰਿਆਂ ਲਈ ਬਿਜਲੀ, ਪਾਣੀ, ਸਿੱਖਿਆ ਤੇ ਇਲਾਜ ਵੀ ਮੁਫ਼ਤ ਕੀਤਾ ਹੈ। ਇਸ ਸਾਲ ਦੀ ਕੈਗ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪੂਰੇ ਦੇਸ਼ ਵਿੱਚ ਦਿੱਲੀ ਦੀ ਅਜਿਹੀ ਸਰਕਾਰ ਹੈ, ਜੋ ਮੁਨਾਫ਼ੇ ਲਈ ਚਲ ਰਹੀ ਹੈ। ਸਾਨੂੰ ਗੁਜਰਾਤ ਵਿੱਚ ਮੌਕਾ ਦਿਉ ਅਤੇ ਦੇਖੋ। ਜੇ ਅਸੀਂ ਵਾਅਦੇ ’ਤੇ ਪੂਰੇ ਨਾ ਉਤਰੇ ਤਾਂ ਮੈਂ ਅਗਲੀ ਵਾਰ ਵੋਟਾਂ ਮੰਗਣ ਨਹੀਂ ਆਵਾਂਗਾ।

ਇਸ ਦੌਰਾਨ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਜੀ ਐਸ ਟੀ ਬੜਾ ਗੁੰਝਲਦਾਰ ਹੈ, ਪੂਰੇ ਦੇਸ਼ ਵਿੱਚ ਅਜਿਹੀ ਟੈਕਸ ਪ੍ਰਣਾਲੀ ਦੀ ਲੋੜ ਹੈ ਜਿਸ ਨੂੰ ਲੋਕ ਆਸਾਨੀ ਨਾਲ ਭਰ ਸਕਣ। ਗੁਜਰਾਤ ਦੇ ਵਪਾਰੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਕੌਟੱਲਿਆ ਨੇ ਅਰਥ ਸ਼ਾਸਤਰ ਦੀ ਪੁਸਤਕ ਵਿੱਚ ਇੱਕ ਚੰਗੀ ਗੱਲ ਲਿਖੀ ਸੀ ਕਿ ਰਾਜਾ ਆਪਣੀ ਜਨਤਾ ਤੋਂ ਅਜਿਹਾ ਟੈਕਸ ਲਵੇ ਕਿ ਉਸ ਨੂੰ ਪਤਾ ਨਾ ਲੱਗੇ ਕਿ ਉਸ ਨੇ ਟੈਕਸ ਲਿਆ ਹੈ। ਜਿਵੇਂ ਮਧੂ ਮੱਖੀ ਅਪਣੀ ਛੱਤੇ ਵਿੱਚੋਂ ਸ਼ਹਿਦ ਕੱਢਦੀ ਹੈ, ਉਸ ਨੂੰ ਇਹ ਪਤਾ ਨਹੀਂ ਲਗਦਾ ਕਿ ਸ਼ਹਿਦ ਨਿਕਲ ਗਿਆ ਹੈ। ਕੇਜਰੀਵਾਲ ਨੇ ਕਿਹਾ ਕਿ ਦੇਸ਼ ਵਿੱਚ ਅਜਿਹਾ ਮਾਹੌਲ ਬਣਾ ਦਿੱਤਾ ਗਿਆ ਹੈ ਕਿ ਵਪਾਰੀ ਚੋਰ ਹੈ। ਇਹ ਮਾਹੌਲ ਸਿਰਜਿਆ ਜਾਂਦਾ ਹੈ ਕਿ ਉਦਯੋਗਪਤੀ ਅਤੇਵਪਾਰੀ ਟੈਕਸ ਨਹੀਂ ਦੇਣਾ ਚਾਹੁੰਦੇ। 99 ਫ਼ੀਸਦੀ ਲੋਕ ਇਮਾਨਦਾਰੀ ਨਾਲ ਟੈਕਸ ਦੇਣਾ ਚਾਹੁੰਦੇ ਅਤੇ ਕੰਮ ਇਮਾਨਦਾਰੀ ਨਾਲ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਮੌਕਾ ਨਹੀਂ ਦਿੱਤਾ ਜਾਂਦਾ। ਕੇਜਰੀਵਾਲ ਨੇ ਕਿਹਾ ਕਿ ਦਿੱਲੀ ਵਿੱਚ ਅਸੀਂ ਸਰਕਾਰ ਦੇ ਅੰਦਰੋਂ ਭ੍ਰਿਸ਼ਟਾਚਾਰ ਖ਼ਤਮ ਕਰ ਕੇ ਅਸੀਂ ਬਹੁਤ ਸਾਰਾ ਪੈਸਾ ਬਚਾਉਣਾ ਸ਼ੁਰੂ ਕਰ ਦਿੱਤਾ। ਵਜੀਰਪੁਰ ਦਾ ਫਲਾਈਓਵਰ ਬਣਾਇਆ। ਅਸੀਂ ਵਜੀਰਪੁਰ ਫਲਾਈਓਵਰ ਨੂੰ 325 ਕਰੋੜ ਦੀ ਥਾਂ 200 ਕਰੋੜ ਰੁਪਏ ਵਿੱਚ ਪੂਰਾ ਕੀਤਾ ਅਤੇ 125 ਕਰੋੜ ਰੁਪਏ ਦੀ ਬਚਤ ਕੀਤੀ, ਕਿਉਂਕਿ ਅਸੀਂ ਪੈਸੇ ਨਹੀਂ ਖਾਂਦੇ।

# ਤਾਲਿਬਾਨ ਵੱਲੋਂ ਦੇਸ਼ ਛੱਡ ਗਏ ਹਿੰਦੂਆਂ-ਸਿੱਖਾਂ ਨੂੰ ਵਾਪਸੀ ਦੀ ਅਪੀਲ



ਕਾਬੁਲ, 27 ਜੁਲਾਈ (ਪੋਸਟ ਬਿਊਰੋ)- ਅਫ਼ਗਾਨਿਸਤਾਨ ਵਿੱਚ ਅਸਥਿਰਤਾ ਦੇ ਦੌਰ ਤਾਲਿਬਾਨ ਨੇ ਪਹਿਲੀ ਵਾਰ ਗ਼ੈਰ-ਮੁਸਲਮਾਨਾਂ ਨਾਲ ਇੱਕ ਵੱਡਾ ਵਾਅਦਾ ਕੀਤਾ ਹੈ ਅਤੇ ਦੇਸ਼ ਛੱਡ ਗਏ ਹਿੰਦੂਆਂ ਅਤੇ ਸਿੱਖਾਂ ਨੂੰ ਅਫ਼ਗਾਨਿਸਤਾਨ ਪਰਤਣ ਦੀ ਅਪੀਲ ਕੀਤੀ ਹੈ। ਉਨ੍ਹਾ ਕਿਹਾ ਹੈ ਕਿ ਅਫ਼ਗਾਨਿਸਤਾਨ ਵਿੱਚ ਸੁਰੱਖਿਆ ਸਥਿਤੀ ਸੁਲਝ ਗਈ ਹੈ, ਇਸ ਲਈ ਉਨ੍ਹਾਂ ਨੇ ਘੱਟ ਗਿਣਤੀ ਹਿੰਦੂਆਂ ਅਤੇ ਸਿੱਖਾਂ ਨੂੰ ਦੇਸ਼ ਪਰਤ ਆਉਣਾ ਚਾਹੀਦਾ ਹੈ।

ਇਹ ਬਿਆਨ ਤਾਲਿਬਾਨ ਦੇ ਮੰਤਰੀ ਡਾ. ਮੁੱਲਾ ਅਬਦੁਲ ਵਾਸੀ ਦੇ ਦਫ਼ਤਰ ਦੇ ਡਾਇਰੈਕਟਰ ਜਨਰਲ ਦੀ 24 ਜੁਲਾਈ ਨੂੰ ਅਫ਼ਗਾਨਿਸਤਾਨ ਦੀ ਹਿੰਦੂ ਅਤੇ ਸਿੱਖ ਕੌਂਸਲ ਦੇ ਕਈ ਮੈਂਬਰਾਂ ਨਾਲ ਮੁਲਾਕਾਤ ਕਰਨ ਪਿੱਛੋਂ ਆਇਆ ਹੈ। ਅਫ਼ਗਾਨਿਸਤਾਨ ਦੇ ਚੀਫ਼ ਆਫ਼ ਸਟਾਫ਼ ਦੇ ਦਫ਼ਤਰ ਨੇ ਟਵੀਟ ਕਰਕੇ ਇਹ ਜਾਣਕਾਰੀ ਦਿੱਤੀ ਹੈ।ਵਾਸੀ ਨੇ ਕਾਬੁਲ ਵਿੱਚ ਹਿੰਦੂ ਤੇ ਸਿੱਖ ਆਗੂਆਂ ਦੇ ਇੱਕ ਵਫ਼ਦ ਨਾਲ ਮੁਲਾਕਾਤ ਮੌਕੇ ਕਿਹਾ ਕਿਸੁਰੱਖਿਆ ਸਮੱਸਿਆਵਾਂ ਕਾਰਨ ਜਿਹੜੇ ਹਿੰਦੂ ਅਤੇ ਸਿੱਖਦੇਸ਼ ਛੱਡ ਕੇ ਚਲੇ ਗਏ ਸਨ, ਉਹ ਅਫ਼ਗਾਨਿਸਤਾਨ ਆ ਸਕਦੇ ਹਨ ਕਿਉਂਕਿ ਦੇਸ਼ ਵਿੱਚ ਸੁਰੱਖਿਆ ਸਥਾਪਤ ਹੋ ਚੁੱਕੀ ਹੈ। ਤਾਲਿਬਾਨ ਦੇ ਇੱਕ ਬਿਆਨ ਅਨੁਸਾਰ ਸਿੱਖ ਆਗੂਆਂ ਨੇ ਕਾਬੁਲ ਦੇ ਗੁਰਦੁ-ਆਰੇ ਉਤੇ ਇਸਲਾਮਿਕ ਸਟੇਟ ਖੋਰਾਸਾਨ ਦੇ ਹਮਲੇ ਰੋਕਣ ਲਈ ਤਾਲਿਬਾਨ ਦਾ ਧੰਨਵਾਦ ਕੀਤਾ। ਸੂਤਰ ਦੱਸਦੇ ਹਨ ਕਿ ਗ੍ਰਹਿ ਮੰਤਰਾਲੇ ਦੇ ਇੱਕ ਉਚ ਪੱਧਰੀ ਵਫ਼ਦ ਨੇ ਪੀੜਤ ਪਰਵਾਰਾਂ ਨਾਲ ਹਮਦਰਦੀ ਲਈ ਗੁਰਦੁਆਰੇ ਦੇ ਕਈ ਦੌਰੇ ਕੀਤੇ। ਰਾਜਧਾਨੀ ਦੇ ਬਾਕੀ ਬਚਦੇ ਸਿੱਖਾਂ ਨੇ ਗੁਰਦੁ-ਆਰੇ ਦੇ ਨੁਕਸਾਨ ਦਾ ਮੁਲਾਂਕਣ ਕਰਨ ਲਈ ਇੱਕ ਤਕਨੀਕੀ ਟੀਮ ਵੀ ਰਵਾਨਾ ਕੀਤੀ ਸੀ। ਪਤਾ ਲੱਗਾ ਹੈ ਕਿ ਤਾਲਿਬਾਨ ਸਰਕਾਰ ਇਮ-ਾਰਤ ਦੇ ਨਵੀਨੀਕਰਨ ਲਈ 75 ਲੱਖ ਅਫ਼ਗਾਨੀ ਰਾਸ਼ੀ ਖ਼ਰਚ ਕਰੇਗੀ।

### ਮੰਤਰੀ ਪਾਰਥ ਚੈਟਰਜੀ ਉੱਤੇ ਨਵਾਂ ਦੋਸ਼:

# ਬਾਡੀਗਾਰਡ ਦੇ 10 ਰਿਸ਼ਤੇਦਾਰਾਂ ਨੂੰ ਸਰਕਾਰੀ ਨੌਕਰੀ ਦਿੱਤੀ



ਕੋਲਕਾਤਾ, 27 ਜੁਲਾਈ (ਪੋਸਟ ਬਿਊਰੋ)- ਪੱਛਮੀ ਬੰਗਾਲ ਵਿੱਚ ਸਿੱਖਿਆ ਭਰਤੀ ਘਪਲਾ ਮਮਤਾ ਬੈਨਰਜੀ ਦੇ ਮੰਤਰੀ ਪਾਰਥ ਚੈਟਰਜੀ ਲਈ ਗਲੇ ਦੀ ਹੱਡੀ ਬਣਦਾ ਜਾਂਦਾ ਹੈ। ਪਾਰਥ ਚੈਟਰਜੀ ਉੱਤੇ ਨਵਾਂ ਦੋਸ਼ ਲੱਗਾ ਹੈ ਕਿ ਉਨ੍ਹਾਂ ਨੇ ਆਪਣੇ ਬਾਡੀਗਾਰਡ ਦੇ 10 ਰਿਸ਼ਤੇਦਾਰਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ। ਇਸ ਬਾਰੇ ਹਾਈ ਕੋਰਟ ਵਿੱਚ ਅਰਜ਼ੀ ਦਿੱਤੀ ਗਈ ਹੈ, ਜਿਸ ਨੂੰ ਹਾਈ ਕੋਰਟ ਨੇ ਅਸਲ ਕੇਸ ਨਾਲ ਜੋੜਨ ਦੇ ਹੁਕਮ ਦਿੱਤੇ ਹਨ।

ਹਾਈ ਕੋਰਟ ਵਿੱਚ ਦਾਇਰ ਅਰਜ਼ੀ ਅਨੁਸਾਰ ਮੰਤਰੀ ਪਾਰਥ ਚੈਟਰਜੀ ਵੱਲੋਂ ਬਾਡੀਗਾਰਡ ਵਿਸ਼ਵੰਭਰ ਮੰਡਲ ਦੇ 10 ਰਿਸ਼ਤੇਦਾਰਾਂ ਨੂੰ ਸਰਕਾਰੀ ਅਧਿਆਪਕਾਂ ਦੀ ਨੌਕਰੀ ਵਿੱਚ ਰੱਖਵਾ ਦਿੱਤਾ ਹੈ। ਅਦਾਲਤ ਨੇ ਪਾਰਥ ਅਤੇ ਅਰਪਿਤਾ ਨੂੰ ਤਿੰਨ ਅਗਸਤ ਤਕ ਲਈ ਈ ਡੀ ਦੀ (ਇਨਫੋਰਸਮੈਂਟ ਡਾਇਰੈਕਟੋਰੇਟ) ਦੀ ਹਿਰਾਸਤ ਵਿੱਚ ਭੇਜ ਦਿੱਤਾ ਹੈ। ਈ ਡੀ ਦਾ ਕਹਿਣਾ ਹੈ ਕਿ ਪੁੱਛਗਿੱਛ ਵਿੱਚ ਅਰਪਿਤਾ ਨੇ ਮੰਨਿਆ ਹੈ ਕਿ ਇਹ ਨਗਦੀ ਪਾਰਥ ਦੀ ਹੈ। ਈ ਡੀ ਨੇ ਅਦਾਲਤ ਵਿੱਚ ਅਰਪਿਤਾ ਅਤੇ ਪਾਰਥ ਚੈਟਰਜੀ ਦੋਵਾਂ ਦਾ 14 ਦਿਨਾਂ ਦਾ ਰਿਮਾਂਡ ਮੰਗਿਆ ਤੇ ਕਿਹਾ ਕਿ ਇਹ ਗੰਭੀਰ ਘਪਲਾ ਹੈ, ਇਨ੍ਹਾਂ ਦੋਵਾਂ ਤੋਂ ਪੁੱਛਗਿੱਛ ਜ਼ਰੂਰੀ ਹੈ। ਇਸ ਮਾਮਲੇ ਵਿੱਚ ਅਜੇ ਲੱਗਭਗ 22 ਕਰੋੜ ਰੁਪਏ ਦੀ ਵਸੂਲੀ ਹੋਈ ਹੈ, ਜਦ ਕਿ 100 ਕਰੋੜ ਤੋਂ ਵੱਧ ਦੀ ਹੋਰ ਵਸੂਲੀ ਕੀਤੀ ਜਾਣੀ ਹੈ।

ਇਸ ਤੋਂ ਪਹਿਲਾਂ ਪਾਰਥ ਚੈਟਰਜੀ ਨੂੰ ਕੱਲ੍ਹ ਭੁਵਨੇਸ਼ਵਰ ਤੋਂ ਇੱਥੇ ਵਾਪਸ ਲਿਆਂਦਾ ਗਿਆ। ਬੀਮਾਰੀ ਗੰਭੀਰ ਨਾ ਹੋਣ ਕਾਰਨ ਏਮਜ਼ (ਆਲ ਇੰਡੀਆ ਮੈਡੀਕਲ ਇੰਸਟੀਚਿਊਟ) ਨੇ ਪਾਰਥ ਚੈਟਰਜੀ ਨੂੰ ਦਾਖ਼ਲ ਨਹੀਂ ਸੀ ਕੀਤਾ। ਰਾਤ ਨੂੰ ਭੁਵਨੇਸ਼ਵਰ ਤੋਂ ਈ ਡੀ ਦੇ ਅਧਿਕਾਰੀ ਉਸ ਨੂੰ ਲੈ ਕੇ ਜਹਾਜ ਰਾਹੀਂ ਕੋਲਕਾਤਾ ਵਾਪਸ ਲੈ ਆਏ। ਮੰਤਰੀ ਨਾਲ ਉਨ੍ਹਾਂ ਦੇ ਵਕੀਲ ਅਤੇ ਇੱਕ ਡਾਕਟਰ ਵੀ ਸੀ। ਡਾਕਟਰਾਂ ਨੇ ਕਿਹਾ ਕਿ ਉਨ੍ਹਾਂ ਦੀ ਰਿਪੋਰਟ ਅਤੇ ਭੁਵਨੇਸ਼ਵਰ ਵਿੱਚਲੇ ਏਮਜ਼ ਦੇ ਡਾਕਟਰਾਂ ਦੀਆਂ ਰਿਪੋਰਟਾਂ ਵਿੱਚ ਕੋਈ ਫਰਕ ਨਹੀਂ ਹੈ।

# ਡਾ. ਸਮਰਾ ਵੱਲੋਂ ਚੜ੍ਹਾਏ ਸਿਰੀ ਸਾਹਿਬ ਤੇ ਪੀੜ੍ਹਾ ਸਾਹਿਬ ਵਿਵਾਦਾਂ ਦੇ ਘੇਰੇ ਵਿੱਚ ਆਏ

ਪਟਨਾ, 27 ਜੁਲਾਈ (ਪੋਸਟ ਬਿਊਰੋ)- ਜਲੰਧਰ ਦੇ ਡਾ. ਗੁਰਬਿੰ-ਦਰ ਸਿੰਘ ਸਮਰਾ ਨੇ ਤਖ਼ਤ ਸ੍ਰੀ ਪਟਨਾ ਸਾਹਿਬ ਵਿੱਚ ਕਰੋੜਾਂ ਰੁਪਏ ਦੀ ਭੇਟਾ ਚੜ੍ਹਾਈ ਸੀ। ਇਹ ਭੇਟਾ ਉਦੋਂ ਤੋਂ ਅੱਜ ਤਕ ਵਿਵਾਦਾਂ ਵਿੱਚ ਹੈ।

ਤਖ਼ਤ ਸਾਹਿਬ ਦੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਹਿੱਤ ਵੱਲੋਂ ਬਣਾਈ ਤਿੰਨ ਮੈਂਬਰੀ ਕਮੇਟੀ ਨੇ ਤਿੰਨ ਭੇਟ ਕੀਤੀਆਂ ਵਸਤਾਂ ਦੀ ਜਾਂਚ ਕੀਤੀ ਤਾਂ ਇੱਕ ਵਿੱਚ ਸੋਨਾ ਸਹੀ ਨਹੀਂ ਸੀ, ਬਾਕੀ ਦੋ ਵਿੱਚ ਦੱਸੀ ਗਈ ਕੀਮਤ ਤੋਂ ਉਲਟ ਸੋਨਾ ਨਾਂਹ ਦੇ ਬਰਾਬਰ ਪਾਇਆ ਹੈ। ਇਸ ਬਾਰੇ ਕੀਤੀ ਪ੍ਰੈਸ ਕਾਨਫਰੰਸ ਵਿੱਚ ਤਖ਼ਤ ਸਾਹਿਬ ਦੀ ਕਮੇਟੀ ਦੇ ਸਾਬਕਾ ਜਨਰਲ ਸੈਕਟਰੀ ਤੇ ਮੈਂਬਰ ਮਹਿੰ-ਦਰ ਪਾਲ ਸਿੰਘ ਢਿੱਲੋਂ, ਰਾਜਾ ਸਿੰਘ ਅਤੇ ਹਰਪਾਲ ਸਿੰਘ ਜੌਹਲ ਨੇ ਪ੍ਰਧਾਨ ਨੂੰ ਅਸਲੀ ਸੋਨਾ ਗਾਇਬ ਕਰ ਕੇ ਨਕਲੀ ਸੋਨਾ ਕਰਨ ਬਦਲੇ ਕੇਸ ਦਰਜ ਕਰਾਉਣ ਅਤੇ ਦੋਸ਼ੀ ਉੱਤੇ ਸਖ਼ਤ ਕਾਨੂੰਨੀ, ਪ੍ਰਬੰਧਕੀ ਤੇ ਧਾਰਮਿਕ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਇਸ ਦੌਰਾਨ ਢਿੱਲੋਂ ਨੇ ਦੱਸਿਆ ਕਿ ਤਖ਼ਤ ਸਾਹਿਬ ਵਿੱਚ ਡਾ. ਸਮਰਾ ਵੱਲੋਂ ਚੜ੍ਹਾਏ ਸੋਨੇ ਦੇ ਸਾਮਾਨ ਦੀ ਜਾਂਚ ਲਈ ਬਣਾਈ ਕਮੇਟੀ ਵਿੱਚ ਰਵਿੰਦਰ ਸਿੰਘ, ਜਨਰਲ ਸੈਕਟਰੀ ਇੰਦਰਜੀਤ ਸਿੰਘ, ਸੁਪਰਡੈਂਟ ਦਲਜੀਤ ਸਿੰਘ ਅਤੇ ਕਥਾਵਾਚਕ ਸੁਖਦੇਵ ਸਿੰਘ ਦੇ ਨਾਲ ਉਨ੍ਹਾਂ 18 ਜੁਲਾਈ ਨੂੰ ਭੇਟ ਕੀਤੀਆਂ ਤਿੰਨੇ ਚੀਜ਼ਾਂ ਸ੍ਰੀ ਸਾਹਿਬ, ਪੀੜ੍ਹਾ ਸਾਹਿਬ ਅਤੇ ਵੱਡੀ ਕਲਗੀ ਦੀ ਮਸ਼ਹੂਰ ਜਿਊਲਰ ਤੋਂ ਜਾਂਚ ਕਰਾਈ ਹੈ। ਉਨ੍ਹਾਂ ਕਿਹਾ ਕਿ ਡਾ. ਸਮਰਾ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਅਤੇ ਸੰਗਤ ਸਾਹਮਣੇ ਪੰਜ ਕਿਲੋ ਸੋਨਾ ਅਤੇ ਚਾਰ ਕਿਲੋ ਚਾਂਦੀ ਲੱਗਾ ਪੀੜ੍ਹਾ ਸਾਹਿਬ, ਜਿਸ ਦੀ ਕੀਮਤ ਪੰਜ ਕਰੋੜ ਰੁਪਏ ਦੱਸੀ ਸੀ, ਦੇ ਨਾਲ ਲੱਗਭਗ ਡੇਢ ਕਿੱਲੋ ਸੋਨੇ ਦੀ ਕ੍ਰਿਪਾਨ ਦੇਣ ਦਾ ਵੀ ਜ਼ਿਕਰ ਕੀਤਾ ਸੀ। ਇਸ ਤੋਂ ਪਹਿਲਾਂ ਇੱਕ ਕਰੋੜ 30 ਲੱਖ ਰੁਪਏ ਦੀ ਕਲਗੀ ਦੇਣ ਦਾ ਵੀ ਜ਼ਿਕਰ ਕੀਤਾ ਸੀ। ਇਸ ਦੀ ਪੁਸ਼ਟੀ ਕਰਦਿਆਂ ਤਖ਼ਤ ਸਾਹਿਬ ਕਮੇਟੀ ਦੇ ਜਨਰਲ ਸੈਕਟਰੀ ਇੰਦਰਜੀਤ ਸਿੰਘ ਨੇ ਕਿਹਾ ਕਿ ਜਥੇਦਾਰ ਗਿਆਨੀ ਰਣਜੀਤ ਸਿੰਘ ਨੇ ਡਾ. ਸਮਰਾ ਤੇ ਉਨ੍ਹਾਂ ਦੇ ਪਰਵਾਰ ਤੇ ਸਾਥੀਆਂ ਨੂੰ ਸਿਰੋਪਾ ਵੀ ਭੇਟ ਕੀਤਾ ਸੀ। ਉਨ੍ਹਾ ਕਿਹਾ ਕਿ ਸਾਨੂੰ ਜਦ ਇਸ ਬਾਰੇ ਸ਼ੱਕ ਹੋਇਆ ਤਾਂ ਅਸੀਂ ਸ਼ਿਕਾਇਤ ਕੀਤੀ ਅਤੇ ਜਾਂਚ ਲਈ ਕਿਹਾ। ਜਾਂਚ ਵਿੱਚ ਪਤਾ ਲੱਗਾ ਕਿ ਜਿਸ ਪੀੜ੍ਹਾ ਸਾਹਿਬ ਉੱਤੇ ਪੰਜ ਕਿਲੋ ਸੋਨਾ ਲੱਗੇ ਹੋਣ ਦੀ ਗੱਲ ਕਹੀ ਗਈ ਹੈ, ਉਸ ਉੱਤੇ ਸੁਨਿਆਰੇ ਅਨੁਸਾਰ ਸਿਰਫ਼ 60-70 ਗ੍ਰਾਮ ਸੋਨਾ ਹੀ ਲੱਗਾ ਹੈ। ਇਸੇ ਤਰ੍ਹਾਂ ਕ੍ਰਿਪਾਨ ਉੱਤੇ ਵੀ ਨਾਂ-ਮਾਤਰ ਸੋਨਾ ਲੱਗਾ ਹੈ।

ਸਵਾਲ ਇਹ ਹੈ ਕਿ ਡਾ. ਸਮਰਾ ਨੇ ਕਿਸੇ ਸਾਜ਼ਿਸ਼ ਤਹਿਤ ਨਕਲੀ ਸੋਨੇ ਦਾ ਸਾਮਾਨ ਭੇਟ ਕੀਤਾ ਜਾਂ ਫਿਰ ਕਿਸੇ ਨੇ ਅਸਲੀ ਸੋਨਾ ਗਾਇਬ ਕਰ ਦਿੱਤਾ? ਪ੍ਰੈਸ ਕਾਨਫਰੈਂਸ ਦੌਰਾਨ ਰਾਜਾ ਸਿੰਘ, ਐਮ ਪੀ ਢਿੱਲੋਂ ਤੇ ਹਰਪਾਲ ਸਿੰਘ ਜੌਹਲ ਨੇ ਕਿਹਾ ਕਿ ਜਿਸ ਪਲੰਘ ਨੂੰ ਸੋਨੇ ਦਾ ਦੱਸ ਕੇ 15-20 ਕਰੋੜ ਦੀ ਲਾਗਤ ਦਾ ਦੱਸਿਆ ਗਿਆ ਹੈ, ਉਸ ਦੀ ਵੀ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਸੀਂ ਜਥੇਦਾਰ ਸਾਹਿਬ ਤੋਂ ਮੰਗ ਕਰਦੇ ਹਾਂ ਕਿ ਅਸਲੀ ਸੋਨਾ ਗਾਇਬ ਕਰ ਕੇ ਨਕਲੀ ਸੋਨਾ ਰੱਖਣ ਦੇ ਬਦਲੇ ਐਫ ਆਈ ਆਰ ਦਰਜ ਕਰਵਾਈ ਜਾਵੇ ਅਤੇ ਦੋਸ਼ੀਆਂ ਉੱਤੇ ਸਖ਼ਤ ਕਾਰਵਾਈ ਕੀਤੀ ਜਾਵੇ।

# ਯਾਸੀਨ ਮਲਿਕ ਤਿਹਾੜ ਜੇਲ੍ਹ ਤੋਂ ਡਾਕਟਰੀ ਜਾਂਚ ਕਮਰੇ ਵਿੱਚ ਤਬਦੀਲ

ਨਵੀਂ ਦਿੱਲੀ, 27 ਜੁਲਾਈ (ਪੋਸਟ ਬਿਊਰੋ)- ਪਿਛਲੇ ਪੰਜ ਦਿਨਾਂ ਤੋਂ ਤਿਹਾੜ ਜੇਲ੍ਹ ਵਿੱਚ ਭੁੱਖ ਹੜਤਾਲ ਉੱਤੇ ਬੈਠੇ ਕਸ਼ਮੀਰੀ ਵੱਖਵਾਦੀ ਆਗੂ ਯਾਸੀਨ ਮਲਿਕ ਨੂੰ ਤਰਲ ਖੁਰਾਕ ਦਿੱਤੀ ਜਾ ਰਹੀ ਹੈ ਅਤੇ ਡਾਕਟਰ ਉਸ ਦੀ ਸਿਹਤ ਦਾ ਲਗਾਤਾਰ ਮੁਆਇਨਾ ਕਰਦੇ ਹਨ। ਪਾਬੰਦੀਸ਼ੁਦਾ ਜੰਮੂ ਕਸ਼ਮੀਰ ਲਿਬਰੇਸ਼ਨ ਫਰੰਟ (ਜੇ ਕੇ ਐਲ ਐਫ) ਦੇ ਮੁਖੀ ਮਲਿਕ (56) ਨੇ ਰੁਬੱਈਆ ਸਈਦ ਅਗਵਾ ਕੇਸ, ਜਿਸ ਵਿੱਚ ਉਹ ਦੋਸ਼ੀ ਹੈ, ਦੀ ਜੰਮੂ ਕੋਰਟ ਵਿੱਚ ਚੱਲ ਰਹੀ ਸੁਣਵਾਈ ਵਿੱਚ ਖੁਦ ਪੇਸ਼ ਹੋਣ ਦੀ ਇਜਾਜ਼ਤ ਮੰਗੀ ਸੀ। ਕੇਂਦਰ ਸਰਕਾਰ ਵੱਲੋਂ ਹਾਮੀ ਨਾ ਭਰੇ ਜਾਣ ਮਗਰੋਂ ਮਲਿਕ ਨੇ ਸ਼ੁੱਕਰਵਾਰ ਸਵੇਰ ਤੋਂ ਅਣਮਿੱਥੀ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਸੀ।

ਵਰਨਣ ਯੋਗ ਹੈ ਕਿ ਮਲਿਕ ਨੂੰ ਤਿਹਾੜ ਦੀ ਜੇਲ੍ਹ ਨੰਬਰ ਸੱਤ ਦੇ ਉਚ ਜੋਖਮ ਵਾਲੇ ਸੈਲ (ਕੋਠੜੀ) ਵਿੱਚ ਹੋਰਨਾਂ ਤੋਂ ਵੱਖਰਾ ਰੱਖਿਆ ਗਿਆ ਸੀ। ਭੁੱਖ ਹੜਤਾਲ ਮਗਰੋਂ ਉਸ ਨੂੰ ਜੇਲ੍ਹ ਦੇ ਮੈਡੀਕਲ ਜਾਂਚ ਵਾਲੇ ਕਮਰੇ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ, ਜਿੱਥੇ ਡਾਕਟਰ ਉਸ ਦੀ ਸਿਹਤ ਉੱਤੇ ਲਗਾਤਾਰ ਨਜ਼ਰ ਰੱਖਦੇ ਹਨ। ਯਾਸੀਨ ਮਲਿਕ ਦਹਿਸ਼ਤੀ ਫੰਡਿੰਗ ਕੇਸ ਵਿੱਚ ਉਮਰ ਕੈਦ ਕੱਟ ਰਿਹਾ ਹੈ।ਜੇਲ੍ਹ ਅਧਿਕਾਰੀ ਨੇ ਕਿਹਾ, ‘‘ਸ਼ੁੱਕਰਵਾਰ ਸਵੇਰੇ ਮਲਿਕ ਨੇ ਕੁਝ ਵੀ ਖਾਣ ਤੋਂ ਨਾਂਹ ਕਰ ਦਿੱਤੀ ਸੀ। ਉਹ ਅਜੇ ਵੀ ਭੁੱਖ ਹੜਤਾਲ ਉੱਤੇ ਹੈ ਅਤੇ ਡਾਕਟਰਾਂ ਲਗਾਤਾਰ ਉਸ ਦੀ ਸਿਹਤ ਦਾ ਮੁਆਇਨਾ ਕਰ ਰਹੇ ਹਨ। ਐਤਵਾਰ ਤੋਂ ਅੱਜ ਤਕ ਉਸ ਨੂੰ ਤਰਲ ਖੁਰਾਕ ਦਿੱਤੀ ਜਾ ਰਹੀ ਹੈ।"

## ਠਾਕਰੇ ਧੜੇ ਦੀ ਅਪੀਲ ਉੱਤੇ ਸੁਪਰੀਮ ਕੋਰਟ ਵੱਲੋਂ ਸੁਣਵਾਈ 1 ਨੂੰ

ਨਵੀਂ ਦਿੱਲੀ, 27 ਜੁਲਾਈ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਦੀ ਅਗਵਾਈ ਵਾਲੇ ਸ਼ਿਵ ਸੈਨਾ ਧੜੇ ਦੀ ਅਪੀਲ ਉੱਤੇ ਚੋਣ ਕਮਿਸ਼ਨ ਦੀ ਕਾਰਵਾਈ ਖ਼ਿਲਾਫ ਦਾਖਲ ਕੀਤੀ ਗਈ ਊਧਵ ਠਾਕਰੇ ਧੜੇ ਦੀ ਅਪੀਲ ਉੱਤੇ ਸੁਪਰੀਮ ਕੋਰਟ ਪਹਿਲੀ ਅਗਸਤ ਨੂੰ ਸੁਣਵਾਈ ਕਰਨ ਲਈ ਰਾਜ਼ੀ ਹੋ ਗਈ ਹੈ।ਸ਼ਿੰਦੇ ਦੀ ਅਗਵਾਈ ਵਾਲੇ ਧੜੇ ਨੇ ਖੁਦ ਨੂੰ ਅਸਲੀ ਸ਼ਿਵ ਸੈਨਾ ਵਜੋਂ ਮਾਨਤਾ ਦੇਣ ਦੀ ਅਪੀਲ ਕੀਤੀ ਹੈ।

ਚੀਫ ਜਸਟਿਸ ਐਨ ਵੀ ਰਾਮੰਨਾ, ਜਸਟਿਸ ਕ੍ਰਿਸ਼ਨ ਮੁਰਾਰੀ ਅਤੇ ਜਸਟਿਸ ਹਿਮਾ ਕੋਹਲੀ ਦੇ ਬੈਂਚ ਨੂੰ ਊਧਵ ਠਾਕਰੇ ਧੜੇ ਵੱਲੋਂ ਪੇਸ਼ ਐਡਵੋਕੇਟ ਕਪਿਲ ਸਿੱਬਲ ਨੇ ਕਿਹਾ ਕਿ ਚੋਣ ਕਮਿਸ਼ਨ ਸਾਹਮਣੇ ਚੱਲਦੀ ਕਾਰਵਾਈ ਉੱਤੇ ਰੋਕ ਲਾਉਣ ਦੀ ਲੋੜ ਹੈ, ਕਿਉਂਕਿ ਇਸ ਨਾਲ ਇੱਥੇ ਸੁਣਵਾਈ ਪ੍ਰਭਾਵਤ ਹੋਵੇਗੀ। ਉਨ੍ਹਾਂ ਕਿਹਾ ਕਿ ਇੱਥੇ ਸਰਵਉਚ ਅਦਾਲਤ ਵਿੱਚ ਪੈਂਡਿੰਗ ਪਏ ਕੇਸਾਂ ਨੂੰ ਬੇਅਰਥ ਨਹੀਂ ਕੀਤਾ ਜਾਣਾ ਚਾਹੀਦਾ। ਦੂਸਰੇ ਪਾਸੇ ਸ਼ਿੰਦੇ ਧੜੇ ਵੱਲੋਂ ਪੇਸ਼ ਐਡਵੋਕੇਟ ਐਨ ਕੇ ਕੌਲ ਨੇ ਕਿਹਾ, ‘‘ਇਹ ਬਿਲਕੁਲ ਵੱਖੋ-ਵੱਖਰੇ ਕੇਸ ਹਨ। ਇੱਕ ਦਾ ਸਬੰਧ ਸਪੀਕਰ ਨਾਲ ਹੈ ਤੇ ਸਰਵਉਚ ਅਦਾਲਤ ਅਯੋਗਤਾ, ਸ਼ਕਤੀ ਪਰਖਣ ਜਿਹੇ ਸਾਰੇ ਮੁੱਦਿਆਂ ਉੱਤੇ ਸੁਣਵਾਈ ਕਰ ਰਹੀ ਹੈ। ਚੋਣ ਕਮਿਸ਼ਨ ਇਹ ਗੱਲ ਦੇਖਦਾ ਹੈ ਕਿ ਪਾਰਟੀ ਦੀ ਕੌਣ ਨੁਮਾਇੰਦਗੀ ਕਰਦਾ ਹੈ, ਉਸ ਦੇ ਚਿੰਨ੍ਹ ਤੇ ਅਯੋਗਤਾ ਦਾ ਇਸ ਨਾਲ ਕੋਈ ਲੈਣਾ ਦੇਣਾ ਨਹੀਂ।" ਬੈਂਚ ਨੇ ਪੁੱਛਿਆ ਕਿ ਚੋਣ ਕਮਿਸ਼ਨ ਨੇ ਅੱਜ ਤਕ ਕੀ ਕਾਰਵਾਈ ਕੀਤੀ ਹੈ? ਕੌਲ ਨੇ ਕਿਹਾ ਕਿ ‘‘ਚੋਣ ਕਮਿਸ਼ਨ ਨੇ ਹਾਲੇ ਸਿਰਫ ਅੱਠ ਅਗਸਤ ਲਈ ਨੋਟਿਸ ਜਾਰੀ ਕੀਤੇ ਹਨ।" ਬੈਂਚ ਨੇ ਕਿਹਾ ਕਿ ਉਹ ਪੈਂਡਿੰਗ ਅਪੀਲਾਂ ਦੇ ਨਾਲ ਇਸ ਅਪੀਲ ਉੱਤੇ ਪਹਿਲੀ ਅਗਸਤ ਨੂੰ ਸੁਣਵਾਈ ਕਰੇਗਾ।

# ਵਿਰੋਧੀ ਧਿਰ ਵੱਲੋਂ ਰਾਸ਼ਟਰਪਤੀ ਨੂੰ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਵਿਰੁੱਧ ਪੱਤਰ

ਨਵੀਂ ਦਿੱਲੀ, 27 ਜੁਲਾਈ (ਪੋਸਟ ਬਿਊਰੋ)- ਵਿਰੋਧੀ ਪਾਰਟੀਆਂ ਦੇ ਆਗੂਆਂ ਨੇ ਕੱਲ੍ਹ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਆਪਣੇ ਸਿਆਸੀ ਵਿਰੋਧੀ ਖ਼ਿਲਾਫ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕਰਨ ਬਾਰੇ ਪੱਤਰ ਲਿਖਿਆ ਤੇ ਇਸ ਵਿੱਚ ਦਖ਼ਲ ਦੇਣ ਦੀ ਮੰਗ ਕੀਤੀ ਹੈ।

ਇਨ੍ਹਾਂ ਆਗੂਆਂ ਨੇ ਆਪਣੇ ਪੱਤਰ ਵਿੱਚ ਸਰਕਾਰ ਦੇ ਅੜੀਅਲ ਰਵੱਈਏ ਦਾ ਮੁੱਦਾ ਵੀ ਚੁੱਕਿਆ, ਜੋ ਪਾਰਲੀਮੈਂਟ ਦੇ ਮੌਨਸੂਨ ਸੈਸ਼ਨ ਦੌਰਾਨ ਵਧਦੀ ਮਹਿੰਗਾਈ ਅਤੇ ਜੀ ਐਸ ਟੀ ਵਿੱਚ ਵਾਧੇ ਵਰਗੇ ਮੁੱਦਿਆਂ ਉੱਤੇ ਜ਼ਰੂਰੀ ਬਹਿਸ ਦੀ ਇਜਾਜ਼ਤ ਨਹੀਂ ਦੇ ਰਹੀ।ਕਾਂਗਰਸ, ਡੀ ਐਮ ਕੇ, ਸਮਾਜਵਾਦੀ ਪਾਰਟੀ, ਆਮ ਆਦਮੀ ਪਾਰਟੀ, ਆਰ ਜੇ ਡੀ ਅਤੇ ਸੀ ਪੀ ਆਈ (ਐਮ) ਸਮੇਤ ਵਿਰੋਧੀ ਪਾਰਟੀਆਂ ਦੇ ਆਗੂਆਂ ਦੇ ਦਸਖ਼ਤਾਂ ਵਾਲੇ ਇਸ ਪੱਤਰ ਵਿੱਚ ਕਿਹਾ ਗਿਆ ਹੈ, ‘‘ਅਸੀਂ ਮੋਦੀ ਸਰਕਾਰ ਵੱਲੋਂ ਬਦਲੇ ਦੀ ਸਿਆਸਤ ਹੇਠ ਆਪਣੇ ਸਿਆਸੀ ਵਿਰੋਧੀਆਂ ਖ਼ਿਲਾਫ ਜਾਂਚ ਏਜੰਸੀਆਂ ਦੀ ਲਗਾਤਾਰ ਹੋ ਰਹੀ ਦੁਰਵਰਤੋਂ ਦਾ ਮਸਲਾ ਧਿਆਨ ਵਿੱਚ ਲਿਆਉਣਾ ਚਾਹੁੰਦੇ ਹਾਂ। ਅਸੀਂ ਤੁਹਾਨੂੰ ਇਸ ਵਿੱਚ ਤੁਰੰਤ ਦਖ਼ਲ ਦੇਣ ਦੀ ਅਪੀਲ ਕਰਦੇ ਹਾਂ।" ਉਨ੍ਹਾਂ ਕਿਹਾ, ‘‘ਕਾਨੂੰਨ, ਕਾਨੂੰਨ ਹੈ ਅਤੇ ਇਸ ਨੂੰ ਬਿਨਾਂ ਕਿਸੇ ਡਰ ਜਾਂ ਪੱਖਪਾਤ ਦੇ ਲਾਗੂ ਕੀਤਾ ਜਾਣਾ ਚਾਹੀਦਾ ਹੈ। ਇਸ ਨੂੰ ਮਨਮਰਜ਼ੀ ਨਾਲ ਤੇ ਵਿਰੋਧੀ ਧਿਰ ਦੇ ਚੋਣਵੇਂ ਅਹਿਮ ਆਗੂਆਂ ਖ਼ਿਲਾਫ ਬਿਨਾਂ ਕਿਸੇ ਢੁਕਵੇਂ ਕਾਰਨ ਦੇ ਲਾਗੂ ਨਹੀਂ ਕੀਤਾ ਜਾ ਸਕਦਾ।" ਉਨ੍ਹਾਂ ਕਿਹਾ ਕਿ ਇਸ ਕਾਰਵਾਈ ਦਾ ਇੱਕੋ ਇੱਕ ਮਕਸਦ ਭਾਜਪਾ ਖ਼ਿਲਾਫ ਸਿਧਾਂਤਕ ਤੇ ਸਿਆਸੀ ਲੜਾਈ ਲੜਦੇ ਆਗੂਆਂ ਦਾ ਅਕਸ ਖ਼ਰਾਬ ਕਰਨਾ ਤੇ ਉਨ੍ਹਾਂ ਨੂੰ ਕਮਜ਼ੋਰ ਕਰਨਾ ਹੈ।ਉਨ੍ਹਾਂ ਦੋਸ਼ ਲਾਇਆ ਕਿ ਇਹ ਸਭ ਕੁਝ ਦੇਸ਼ ਵਿੱਚ ਲਗਾਤਾਰ ਵਧ ਰਹੀ ਮਹਿੰਗਾਈ, ਬੇਰੁਜ਼ਗਾਰੀ ਵਰਗੇ ਲੋਕ ਮੁੱਦਿਆਂ ਤੋਂ ਦੇਸ਼ ਦੇ ਲੋਕਾਂ ਦਾ ਧਿਆਨ ਭਟਕਾਉਣ ਲਈ ਕੀਤਾ ਜਾ ਰਿਹਾ ਹੈ।

ਕਾਂਗਰਸ ਆਗੂ ਮਲਿਕਾਰਜੁਨ ਖੜਗੇ, ਆਮ ਆਦਮੀ ਪਾਰਟੀ ਦੇ ਆਗੂ ਸੰਜੇ ਸਿੰਘ, ਆਰ ਜੇ ਡੀ ਵੱਲੋਂ ਮਨੋਜ ਝਾਅ, ਸੀ ਪੀ ਆਈ (ਐਮ) ਦੇ ਐਲਮਰਾਨ ਕਰੀਮ ਤੇ ਸਮਾਜਵਾਦੀ ਪਰਟੀ ਦੇ ਰਾਮ ਗੋਪਾਲ ਯਾਦਵ ਅਤੇ ਹੋਰ ਆਗੂਆਂ ਨੇ ਇਸ ਪੱਤਰ ਉੱਤੇ ਦਸਤਖ਼ਤ ਕੀਤੇ ਹਨ। ਸਰਕਾਰ ਵੱਲੋਂ ਪਾਰਲੀਮੈਂਟ ਵਿੱਚ ਲੋਕ ਮੁੱਦਿਆਂ ਉੱਤੇ ਬਹਿਸ ਨਾ ਹੋਣ ਦੇਣ ਸਬੰਧੀ ਉਨ੍ਹਾਂ ਕਿਹਾ, ‘‘ਬਹੁਤ ਦੁੱਖ ਦੀ ਗੱਲ ਹੈ ਕਿ ਮੌਨਸੂਨ ਸੈਸ਼ਨ ਦੌਰਾਨ ਦੋਵਾਂ ਸਦਨਾਂ ਵਿੱਚ ਖੜੋਤ ਦੀ ਸਥਿਤੀ ਬਣੀ ਹੋਈ ਹੈ ਕਿਉਂਕਿ ਸਰਕਾਰ ਮਹਿੰਗਾਈ ਤੇ ਕਈ ਖ਼ੁਰਾਕੀ ਵਸਤਾਂ ਉੱਤੇ ਜੀ ਐਸ ਟੀ ਲਗਾਉਣ ਦੇ ਮੁੱਦੇ ਉੱਤੇ ਚਰਚਾ ਕਰਵਾਉਣ ਲਈ ਤਿਆਰ ਨਹੀਂ ਹੈ ਅਤੇ ਕੰਮ ਵਿੱਚ ਅੜਿੱਕਾ ਪੈ ਰਿਹਾ ਹੇ।

### ਐਸ ਆਈ ਏ ਦਾ ਦੋਸ਼ ਪੱਤਰ:

# ਕਸ਼ਮੀਰੀ ਅੱਤਵਾਦੀਆਂ ਤੇ ਪੰਜਾਬ ਦੇ ਗੈਂਗਸਟਰਾਂ ਦੀ ਸਾਂਝ ਜ਼ਾਹਰ




ਜੰਮੂ, 27 ਜੁਲਾਈ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੀ ਸਟੇਟ ਜਾਂਚ ਏਜੰਸੀ (ਐਸ ਆਈ ਏ) ਨੇ ਪਿਛਲੇ ਸਾਲ ਦਰਜ ਕੀਤੇ ਅੱਤਵਾਦ ਫੰਡਿੰਗ ਦੇ ਕੇਸ ਵਿੱਚ ਪੰਜ ਦੋਸ਼ੀਆਂ ਖ਼ਿਲਾਫ ਦੋਸ਼ ਪੱਤਰ ਦਾਇਰ ਕੀਤਾ। ਇਸ ਨਾਲ ਅੱਤਵਾਦੀ ਸੰਗਠਨ ਜੈਸ਼-ਏ-ਮੁਹੰਮਦ (ਜੇ ਈ ਐਮ) ਅਤੇ ਪੰਜਾਬ ਦੇ ਗੈਂਗਸਟਰਾਂ ਦੀ ਮਿਲੀਭੁਗਤ ਜ਼ਾਹਰ ਹੋ ਗਈ ਹੈ।

ਅਸਲ ਵਿੱਚ ਇਹ ਕੇਸ ਕਸ਼ਮੀਰ ਜਾਣ ਵਾਲੇ ਇੱਕ ਵਾਹਨ ਵਿੱਚੋਂ 43 ਲੱਖ ਰੁਪਏ ਮਿਲਣ ਬਾਅਦ ਪਿਛਲੇ ਸਾਲ ਨਵੰਬਰ ਵਿੱਚ ਦਰਜ ਕੀਤਾ ਗਿਆ ਸੀ। ਐਸ ਆਈ ਏ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਪਾਕਿਸਤਾਨ ਵਿੱਚ ਰਹਿੰਦੇ ਜੇ ਈ ਐਮ ਕਮਾਂਡਰ ਤੇ ਪੰਜਾਬ ਦੇ ਤਿੰਨ ਗੈਂਗਸਟਰਾਂ ਖ਼ਿਲਾਫ ਗੈਰ ਕਾਨੂੰਨੀ ਗਤੀਵਿਧੀਆਂ ਵਿਰੋਧੀ ਐਕਟ, ਅਸਲਾ ਐਕਟ ਅਤੇ ਭਾਰਤੀ ਦੰਡਾਵਲੀ (ਆਈ ਪੀ ਸੀ) ਦੀਆਂ ਵੱਖ-ਵੱਖ ਧਾਰਾਵਾਂ ਦਾ ਦੋਸ਼ ਪੱਤਰ ਜੰਮੂ ਵਿੱਚ ਐਨ ਆਈ ਏ ਵਿਸ਼ੇਸ਼ ਕੋਰਟ ਵਿੱਚ ਪੇਸ਼ ਕੀਤਾ ਗਿਆ ਹੈ। ਬੀਤੇ ਜਨਵਰੀ ਵਿੱਚ ਜਾਂਚ ਦਾ ਜ਼ਿੰਮਾ ਸੰਭਾਲਣ ਪਿੱਛੋਂ ਪਿਛਲੇ ਤਿੰਨ ਮਹੀਨਿਆਂ ਵਿੱਚ ਅੱਤਵਾਦ ਫੰਡਿੰਗ ਕੇਸ ਵਿੱਚ ਐਸ ਆਈ ਏ ਵੱਲੋਂ ਪੇਸ਼ ਇਹ ਦੂਸਰਾ ਦੋਸ਼ ਪੱਤਰ ਹੈ।

ਅਧਿਕਾਰੀ ਮੁਤਾਬਕ ਇਸ ਦੋਸ਼ ਪੱਤਰ ਵਿੱਚ ਜੇ ਈ ਐਮ ਦੇ ਕਮਾਂਡਰ ਆਸ਼ਿਕ ਨੇਂਗਰੂ ਉਰਫ ਆਸ਼ਿਕ ਮੌਲਵੀ ਦਾ ਨਾਂਅ ਵੀ ਹੈ। ਨੇਂਗਰੂ ਦੱਖਣੀ ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ ਦੇ ਰਾਜ-ਪੋਰਾ ਦੇ ਹੰਜਨ ਬਾਲਾ ਪਿੰਡ ਦਾ ਵਾਸੀ ਹੈ। ਇਸ ਸਮੇਂ ਵਿੱਚ ਉਹ ਸਰਹੱਦ ਪਾਰੋਂ ਅੱਤਵਾਦੀ ਸਰਗਰਮੀਆਂ ਵਿੱਚ ਸ਼ਾਮਲ ਹੈ। ਐਸ ਆਈ ਏ ਦੇ ਅਧਿਕਾਰੀ ਨੇ ਕਿਹਾ ਕਿ ਬਾਕੀ ਚਾਰ ਦੋਸ਼ੀਆਂ ਵਿੱਚ ਪੁਲਵਾਮਾ ਦੇ ਮੁਜ਼ਮਿਲ ਅਹਿਮਦ ਮਲਿਕ ਅਤੇ ਪੰਜਾਬ ਦਾ ਰਵੀ ਕੁਮਾਰ ਉਰਫ ਨੋਨਾ, ਜੈਦੀਪ ਧਵਨ ਉਰਫ ਦੀਪ ਤੇ ਅਮਰਬੀਰ ਸਿੰਘ ਉਰਫ ਗੋਪੀ ਮਹਿਲ ਸ਼ਾਮਲ ਹਨ। ਮਾਮਲਾ ਜੰਮੂ ਪੁਲਸ ਵੱਲੋਂ ਸਿਧਰਾ ਪੁਲ ਉੱਤੇ 16 ਨਵੰਬਰ 2021 ਨੂੰ ਕਸ਼ਮੀਰ ਵੱਲੋਂ ਇੱਕ ਯਾਤਰੀ ਟੈਕਸੀ ਵਿੱਚ ਯਾਤਰਾ ਕਰ ਰਹੇ ਤਿੰਨ ਵਿਅਕਤੀਆਂ ਤੋਂ 43 ਲੱਖ ਰੁਪਏ ਦੀ ਜ਼ਬਤੀ ਨਾਲ ਸਬੰਧਤ ਹੈ। ਮੂਲ ਦੋਸ਼ ਪੱਤਰ 14 ਮਈ ਨੂੰ ਦੋ ਦੋਸ਼ੀਆਂ ਮੋਜ਼ਮ ਪਰਵੇਜ਼ ਅਤੇ ਉਮਰ ਫਾਰੂਕ ਦੇ ਵਿਰੁੱਧ ਪੇਸ਼ ਹੋਇਆ ਸੀ। ਦੋਵੇਂ ਜਣੇ ਪੁਲਵਾਮਾ ਦੇ ਦਲੀਪੋਰਾ ਪਿੰਡ ਦੇ ਵਾਸੀ ਹਨ, ਜਿਨ੍ਹਾਂ ਨੇ ਪੰਜਾਬ ਦੇ ਅੰਮ੍ਰਿਤਸਰ ਤੋਂ ਨਗਦੀ ਇਕੱਠੀ ਕੀਤੀ ਸੀ। ਅਧਿਕਾਰੀ ਨੇ ਕਿਹਾ, ‘‘ਜਾਂਚ ਤੋਂ ਪਤਾ ਲੱਗਾ ਹੈ ਕਿ ਦੋਸ਼ੀ ਪਰਵੇਜ਼ ਅਤੇ ਫਾਰੂਕ ਨੇ ਮੁਜ਼ਮਿਲ ਮਲਿਕ ਅਤੇ ਨੇਂਗਰੂ ਨਾਲ ਸਾਜ਼ਿਸ਼ ਰਚੀ ਸੀ ਤੇ ਰਕਮ ਨੂੰ ਪੁਚਾਉਣ ਵਿੱਚ ਮਦਦ ਕੀਤੀ, ਜਿਸ ਨੂੰ ਭਾਰਤ ਵਿੱਚ ਅੱਤਵਾਦੀ ਹਮਲੇ ਸ਼ੁਰੂ ਕਰਨ ਲਈ ਘਾਟੀ ਵਿੱਚ ਸਰਗਰਮ ਜੇ ਈ ਐਮ ਅੱਤਵਾਦੀਆਂ ਵਿੱਚ ਵੰਡਿਆ ਜਾਣਾ ਸੀ।"

# ਉਘੇ ਗਾਇਕ ਬਲਵਿੰਦਰ ਸਿੰਘ ਸਫ਼ਰੀ ਨਹੀਂ ਰਹੇ



ਲੰਡਨ, 27 ਜੁਲਾਈ (ਪੋਸਟ ਬਿਊਰੋ)- ਇੰਗਲੈਂਡ ਵਿੱਚਚਿਰਾਂ ਤੋਂ ਰਹਿੰਦੇ ਪੰਜਾਬੀ ਗਾਇਕ ਬਲਵਿੰਦਰ ਸਿੰਘ ਸਫਰੀ ਨਹੀਂ ਰਹੇ। ਉਹ ਕਾਫੀ ਸਮੇਂ ਤੋਂ ਦਿੱਲ ਦੀ ਬਿਮਾਰੀ ਤੋਂ ਪੀੜਤ ਸਨ।

ਪਤਾ ਲੱਗਾ ਹੈ ਕਿ 63 ਸਾਲਾ ਸਫਰੀ ਨੂੰ 86 ਦਿਨ ਵੁਲਵਰਹੈਂਪਟਨ ਦੇ ਨਿਊ ਕਰਾਸ ਹਸਪਤਾਲ ਵਿੱਚ ਇਲਾਜ ਤੋਂ ਬਾਅਦ ਅਜੇ ਕੁਝ ਦਿਨ ਪਹਿਲਾਂ ਛੁੱਟੀ ਮਿਲੀ ਸੀ। ਉਹ ਕੰਮਾਂ ਵਿੱਚ ਰਹੇ ਅਤੇ ਸੀ ਟੀ ਸਕੈਨ ਵਿੱਚ ਉਨ੍ਹਾਂ ਦੇ ਦਿਮਾਗ਼ ਨੂੰ ਨੁਕਸਾਨ ਪਹੁੰਚਣ ਦੀ ਪੁਸ਼ਟੀ ਹੋਈ ਸੀ। ਪੰਜਾਬ ਦੇ ਦੁਆਬੇ ਦੇ ਪਿੰਡ ਬਲੇਰ (ਨੇੜੇ ਕਾਲਾ ਸੰਘਿਆਂ) ਦੇ ਵਾਸੀ ਸਫਰੀ ਨੇ ਇੰਗਲੈਂਡ ਦੀ ਧਰਤੀ ਉਤੇ ਪੰਜਾਬੀ ਗਾਇਕੀ ਦੇ ਖੇਤਰ ਵਿੱਚ ਲੰਮਾ ਸਮਾਂ ਵੱਡਾ ਯੋਗਦਾਨ ਪਾਇਆ ਹੈ ਅਤੇ ਆਪਣੀ ਗਾਇਕੀ ਰਾਹੀਂ ਵਿਸ਼ਵ ਭਰ ਦੇ ਪੰਜਾਬੀਆਂ ਨੂੰ ਕੀਲਿਆ ਹੈ। ਉਹ 1980 ਤੋਂ ਯੂ ਕੇ ਵਿੱਚ ਭੰਗੜਾ ਤੇ ਨੱਚਣ ਟੱਪਣ ਵਾਲੇ ਗੀਤਾਂ ਦਾ ਹਿੱਸਾ ਰਹੇ, ਉਨ੍ਹਾਂ ਸਫ਼ਰੀ ਬੋਆਇਜ਼ ਨਾਮ ਦੇ ਸੰਗੀਤਕ ਗਰੁੱਪ ਦਾ ਗਠਨ ਕੀਤਾ। ਸਫ਼ਰੀ ਨੇ ਚੰਨ ਮੇਰੇ ਮੱਖਣਾ, ਪਾਓ ਭੰਗੜਾ, ਆ ਜਾ ਬਿੱਲੋ, ਪਾਰ ਲੰਘਾਦੇ ਵਰਗੇ ਅਣਗਿਣਤ ਹਿੱਟ ਗੀਤ ਪੰਜਾਬੀਆਂ ਦੀ ਝੋਲੀ ਪਾਏ।

ਕੀ ਤੁਸੀਂ ਕਰਜ਼ੇ ਵਿੱਚ ਹੋ?
ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?
BOOK YOUR FREE CONSULTATION
ਹੁਣ ਘਬਰਾਉਣ ਦੀ ਜ਼ਰੁਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ
ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਉਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382
-Collection Calls
-Personal Taxes
-GST/HST
-Credit Card Debts
-Personal Loans
-Pay Day Loans
-Student Loans
-Wage Garnishment
-Writ on your property
-Frozen Bank Accounts
CONTACT US:
Goma Sandhu
(416)-731-6382
gomasandhu@hotmail.com
WE HELP...
-Save your Assets
-Avoid Bankruptcy
-Small monthly payments
-Rebuild your credit
YOUR DEBT MY SOLUTION

# ਭਾਰਤ ਵਿੱਚ ਹਰ ਤੀਸਰੇ ਦਿਨ ਹੁੰਦੀ ਹੈ ਇੱਕ ਸ਼ੇਰ ਦੀ ਮੌਤ



ਨਵੀਂ ਦਿੱਲੀ, 27 ਜੁਲਾਈ (ਪੋਸਟ ਬਿਊਰੋ)- ਜੰਗਲਾਂ ਵਿੱਚ ਆਪਣੀ ਦਹਾੜ ਨਾਲ ਦਹਿਸ਼ਤ ਪੈਦਾ ਕਰਨ ਵਾਲੇ ਸ਼ੇਰ ਅੱਜ ਆਪਣੀ ਹੋਂਦ ਦੀ ਲੜਾਈ ਲੜ ਰਹੇ ਹਨ। ਵਧਦੇ ਸ਼ਹਿਰੀਕਰਨ ਅਤੇ ਸੁੰਗੜਦੇ ਜੰਗਲਾਂ ਦੇ ਕਾਰਨ ਰਾਸ਼ਟਰੀ ਪਸ਼ੂ ਬੇ ਮੌਤ ਮਾਰੇ ਜਾ ਰਹੇ ਹਨ। ਭਾਰਤ ਵਿੱਚ ਸ਼ੇਰਾਂ ਦੀ ਸੁਰੱਖਿਆ ਅਤੇ ਜਣੇਪੇ ਦੇ ਕਾਫੀ ਪ੍ਰਬੰਧ ਕੀਤੇ ਗਏ ਹਨ ਤੇ ਇਸ ਦੇ ਫਾਇਦੇ ਵੀ ਨਜ਼ਰ ਆਏ ਹਨ, ਫਿਰ ਵੀ ਬੀਤੇ ਤਿੰਨ ਸਾਲ ਵਿੱਚ ਲਗਭਗ ਹਰ ਤੀਸਰੇ ਦਿਨ ਇੱਕ ਸ਼ੇਰ ਦੀ ਮੌਤ ਹੋਣਾ ਚਿੰਤਾ ਦਾ ਕਾਰਨ ਹੈ। ਇਸ ਤੋਂ ਸਪੱਸ਼ਟ ਹੈ ਕਿ ਸ਼ੇਰਾਂ ਦੀ ਸੁਰੱਖਿਆ ਲਈ ਹੋਰ ਗੰਭੀਰ ਯਤਨ ਕਰਨ ਦੀ ਜ਼ਰੂਰਤ ਹੈ।

ਸ਼ੇਰਾਂ ਦੀਆਂ ਖਤਮ ਹੋ ਰਹੀਆਂ ਨਸਲਾਂ ਵੱਲ ਧਿਆਨ ਖਿੱਚਣ ਲਈ ਹਰ ਸਾਲ 29 ਜੁਲਾਈ ਨੂੰ ਅੰਤਰਰਾਸ਼ਟਰੀ ਬਾਘ ਦਿਵਸ ਮਨਾਇਆ ਜਾਂਦਾ ਹੈ। ਇਹ ਪਰੰਪਰਾ 2010 ਵਿੱਚ ਸੇਂਟ ਪੀਟਰਸਬਰਗ ਵਿੱਚ ਟਾਈਗਰ ਸ਼ਿਖਰ ਸੰਮੇਲਨ ਤੋਂ ਚੱਲੀ ਸੀ। ਇਸ ਦੇ ਤਿੰਨ ਦਿਨਾਂ ਪਹਿਲਾਂ ਲੋਕ ਸਭਾ ਵਿੱਚ ਕੇਂਦਰੀ ਵਾਤਾਵਰਣ ਮੰਤਰੀ ਅਸ਼ਵਨੀ ਚੌਬੇ ਨੇ ਜੋ ਅੰਕੜੇ ਪੇਸ਼ ਕੀਤੇ, ਉਹ ਚਿੰਤਾ ਵਾਲੇ ਹਨ। ਅੰਕੜਿਆਂ ਅਨੁਸਾਰ ਬੀਤੇ ਤਿੰਨ ਸਾਲ 2019 ਤੋਂ 2021 ਦੌਰਾਨ ਭਾਰਤ ਵਿੱਚ 329 ਸ਼ੇਰਾਂ ਦੀ ਮੌਤ ਹੋਈ ਹੈ। ਇਨ੍ਹਾਂ ਵਿੱਚੋਂ 68 ਸੁਭਾਵਕ ਮੌਤ ਮਰੇ, 29 ਸ਼ੇਰਾਂ ਨੂੰ ਸ਼ਿਕਾਰੀਆਂ ਨੇ ਮਾਰਿਆ, ਜਦ ਕਿ 30 ਸ਼ੇਰ ਲੋਕਾਂ ਉੱਤੇ ਹਮਲੇ ਵਿੱਚ ਮਾਰੇ ਗਏ। 197 ਸ਼ੇਰਾਂ ਦੀ ਮੌਤ ਦੇ ਸਹੀ ਕਾਰਨਾਂ ਦਾ ਪਤਾ ਨਹੀਂ ਲੱਗਾ। ਸ਼ੇਰਾਂ ਦੇ ਹਮਲੇ ਵਿੱਚ 125 ਲੋਕਾਂ ਦੀ ਜਾਨ ਗਈ। ਇਸ ਦੌਰਾਨ 307 ਹਾਥੀਆਂ ਦੀ ਵੀ ਮੌਤ ਹੋਈ, ਜਿਨ੍ਹਾਂ ਵਿੱਚ 202 ਦੀ ਮੌਤ ਕਰੰਟ ਲੱਗਣ ਨਾਲ ਹੋਈ ਅਤੇ ਬਾਕੀਆਂ ਦੇ ਕਾਰਨ ਵੱਖੋ ਵੱਖਰੇ ਦੱਸੇ ਗਏ ਹਨ।

ਰਾਹਤ ਦੀ ਗੱਲ ਇਹ ਹੈ ਕਿ ਪਹਿਲਾਂ ਦੇ ਮੁਕਾਬਲੇ ਸ਼ੇਰਾਂ ਦੇ ਸ਼ਿਕਾਰ ਵਿੱਚ ਕਮੀ ਆਈ ਹੈ। ਸਾਲ 2019 ਵਿੱਚ ਸ਼ਿਕਾਰੀਆਂ ਨੇ ਜਿੱਥੇ 17 ਸ਼ੇਰਾਂ ਨੂੰ ਮਾਰਿਆ ਸੀ, ਉਥੇ 2021 ਵਿੱਚ ਇਹ ਗਿਣਤੀ ਘਟ ਕੇ ਚਾਰ ਉੱਤੇ ਆ ਗਈ। ਵੱਡੀ ਰਾਹਤ ਦੀ ਗੱਲ ਇਹ ਵੀ ਹੈ ਕਿ ਪਿਛਲੇ ਲਗਭਗ ਇੱਕ ਦਹਾਕੇ ਵਿੱਚ ਭਾਰਤ ਵਿੱਚ ਸ਼ੇਰਾਂ ਦੀ ਆਬਾਦੀ ਦੁੱਗਣੀ ਹੋਈ ਹੈ। ਸਰਕਾਰ ਵੱਲੋਂ ਜਾਰੀ ਕੀਤੇ ਨਵੇਂ ਅੰਕੜਿਆਂ ਮੁਤਾਬਕ ਭਾਰਤ ਵਿੱਚ ਕਰੀਬ 3000 ਸ਼ੇਰ ਹਨ। ਇਹ ਗਿਣਤੀ ਸੰਸਾਰ ਵਿੱਚ ਸ਼ੇਰਾਂ ਦੀ ਆਬਾਦੀ ਦਾ 75 ਫੀਸਦੀ ਹਨ। ਦੱਸਣਾ ਬਣਦਾ ਹੈ ਕਿ ਦੇਸ਼ ਵਿੱਚ 53 ਟਾਈਗਰ ਰਿਜ਼ਰਵ ਹਨ।

# ਪੰਜਾਬ ਸਰਕਾਰ ਅਧਿਕਾਰਤ ਕਲੋਨੀਆਂ ਵਿੱਚ ਆਲ੍ਹਾ ਦਰਜੇ ਦੀਆਂ ਸਹੂਲਤਾਂ ਯਕੀਨੀ ਬਣਾਏਗੀ-ਅਮਨ ਅਰੋੜਾ

### *ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਵੱਲੋਂ ਪੀਡੀਏ ਦੇ ਕੰਮਕਾਜ ਅਤੇ ਵੱਖ-ਵੱਖ ਪ੍ਰਾਜੈਕਟਾਂ ਦੀ ਸਮੀਖਿਆ

*ਟਿਆਲਾ, 27 ਜੁਲਾਈ (ਪੋਸਟ ਬਿਉਰੋ)- ਸੂਬੇ ਦੇ ਸ਼ਹਿਰੀ ਇਲਾਕਿਆਂ ਵਿਚ ਨਾਗਰਿਕਾਂ ਨੂੰ ਸਾਰੀਆਂ ਮੁਢਲੀਆਂ ਸਹੂਲਤਾਂ ਪ੍ਰਦਾਨ ਕਰਨ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਪੰਜਾਬ ਦੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਸ੍ਰੀ ਅਮਨ ਅਰੋੜਾ ਨੇ ਅੱਜ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੀਆਂ ਅਧਿਕਾਰਤ ਕਲੋਨੀਆਂ ਦੇ ਵਸਨੀਕਾਂ ਨੂੰ ਆਹਲਾ ਦਰਜੇ ਦੀਆਂ ਸਹੂਲਤਾਂ ਯਕੀਨੀ ਬਣਾਏਗੀ।

ਅਮਨ ਅਰੋੜਾ ਨੇ ਕਿਹਾ ਕਿ ਇਸੇ ਵਚਨਬੱਧਤਾ ਤਹਿਤ ਸੂਬਾ ਸਰਕਾਰ ਸ਼ਹਿਰੀ ਖੇਤਰਾਂ ਵਿੱਚ ਇਸ ਸੁਤੰਤਰਤਾ ਦਿਵਸ ਮੌਕੇ ਪਟਿਆਲਾ ਵਿਕਾਸ ਅਥਾਰਟੀ ਅਧੀਨ ਆਉਂਦੀਆਂ ਵੱਖ-ਵੱਖ ਥਾਵਾਂ ਦੀ ਨਿਲਾਮੀ ਤੋਂ ਇਲਾਵਾ ਨਵੀਂ ਸਕੀਮ ਲਾਂਚ ਕਰਨ ਜਾ ਰਹੀ ਹੈ। ਪਟਿਆਲਾ ਵਿਕਾਸ ਅਥਾਰਟੀ ਦੇ ਕੰਮ ਕਾਜ ਦਾ ਜਾਇਜ਼ਾ ਲੈਂਦਿਆਂ ਸ੍ਰੀ ਅਮਨ ਅਰੋੜਾ ਨੇ ਲੰਬੇ ਸਮੇਂ ਤੋਂ ਉਡੀਕੇ ਜਾ ਰਹੇ 34.64 ਏਕੜ ਵਾਲੇ ਪ੍ਰਾਜੈਕਟ 'ਪੀਡੀਏ ਇਨਕਲੇਵ ਧੂਰੀ' ਦੀ ਅਸਲ ਸਥਿਤੀ ਦਾ ਮੁਲਾਂਕਣ ਵੀ ਕੀਤਾ। ਇਸ ਮੌਕੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਪ੍ਰਮੁੱਖ ਸਕੱਤਰ ਸ੍ਰੀ ਅਜੋਏ ਕੁਮਾਰ ਸਿਨਹਾ ਅਤੇ ਪਟਿਆਲਾ ਵਿਕਾਸ ਅਥਾਰਟੀ ਦੇ ਡਿਪਟੀ ਕਮਿਸ਼ਨਰ-ਕਮ-ਮੁੱਖ ਪ੍ਰਸ਼ਾਸਕ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਉਨ੍ਹਾਂ ਨੂੰ ਦੱਸਿਆ ਕਿ ਪੀਡੀਏ ਆਜ਼ਾਦੀ ਦਿਵਸ ਦੀ 75ਵੀਂ



ਵਰ੍ਹੇਗੰਢ 'ਤੇ ਇਸ ਦੀਆਂ ਵੱਖ-ਵੱਖ ਸਾਈਟਾਂ ਦੀ ਨਿਲਾਮੀ ਕਰੇਗੀ।

ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਸ਼ਹਿਰੀ ਖੇਤਰਾਂ ਵਿੱਚ ਨਵੀਂ ਯੋਜਨਾਬੱਧ ਟਾਊਨਸ਼ਿਪ ਲਿਆਉਣ ਪ੍ਰਤੀ ਪਿਛਲੀਆਂ ਸਰਕਾਰਾਂ ਦੀਆਂ ਮਾੜੀਆਂ ਨੀਤੀਆਂ ਹੀ ਸੂਬੇ ਦੇ ਸ਼ਹਿਰੀ ਖੇਤਰਾਂ ਵਿੱਚ ਗੈਰ-ਕਾਨੂੰਨੀ ਕਲੋਨੀਆਂ ਅਤੇ ਬੇਤਰਤੀਬੇ ਵਿਕਾਸ ਦਾ ਮੁੱਖ ਕਾਰਨ ਹਨ, ਜੋ ਕਿ ਬੁਨਿਆਦੀ ਢਾਂਚੇ ਦੇ ਵਿਕਾਸ ਵਿੱਚ ਰੁਕਾਵਟ ਬਣ ਰਹੀਆਂ ਹਨ ਅਤੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਤੋਂ ਸੱਖਣੇ ਰਹਿਣਾ ਪੈ ਰਿਹਾ ਹੈ।

ਮੰਤਰੀ ਨੇ ਅਣਅਧਿਕਾਰਤ ਕਲੋਨੀਆਂ ਵਿੱਚ ਸਥਿਤ ਪਲਾਟਾਂ ਅਤੇ ਇਮਾਰਤਾਂ ਨੂੰ ਐਨਓਸੀ ਜਾਰੀ ਕਰਨ ਲਈ ਢੁਕਵੀਂ ਵਿਧੀ ਬਣਾਉਣ ਲਈ ਪੀ.ਡੀ.ਏ. ਦੀ ਸ਼ਲਾਘਾ ਕੀਤੀ। ਉਹਨਾਂ ਨੂੰ ਇਹ ਵੀ ਦੱਸਿਆ ਗਿਆ ਕਿ ਪੀ.ਡੀ.ਏ. ਨੇ ਲੋਕਾਂ ਦੀ ਸਹੂਲਤ ਲਈ ਇਸ ਸਬੰਧ ਵਿੱਚ ਇੱਕ ਹੈਲਪਲਾਈਨ ਨੰਬਰ 0175-5020555 ਸ਼ੁਰੂ ਕਰਨ ਤੋਂ ਇਲਾਵਾ ਸਿੰਗਲ ਵਿੰਡੋ ਸਿਸਟਮ ਸ਼ੁਰੂ ਕੀਤਾ ਹੈ। ਉਨ੍ਹਾਂ ਦੇ ਧਿਆਨ ਵਿੱਚ ਇਹ ਵੀ ਲਿਆਂਦਾ ਗਿਆ ਕਿ ਪੀਡੀਏ ਦੇ ਆਨਲਾਈਨ ਪੋਰਟਲ 'ਤੇ ਕੋਈ ਵੀ ਕੇਸ ਬਕਾਇਆ ਨਹੀਂ ਹੈ।

# ਹਾਰਨ ਵਜਾਉਣ ਉਤੇ ਪਰੇ ਨਾ ਹਟੇ ਨੌਜਵਾਨ ਦਾ ਲੜਕੀ ਵੱਲੋਂ ਕਤਲ

ਰਾਏਪੁਰ, 27 ਜੁਲਾਈ (ਪੋਸਟ ਬਿਊਰੋ)- ਛੱਤੀਸਗੜ੍ਹ ਦੀ ਰਾਜਧਾਨੀ ਰਾਏਪੁਰ ਵਿੱਚ ਹਾਰਨ ਦੀ ਆਵਾਜ਼ ਨਾ ਸੁਣ ਸਕਣ ਉੱਤੇ ਬੋਲ਼ੇ ਨੌਜਵਾਨ ਦੀ ਸਕੂਟਰੀ ਸਵਾਰ ਲੜਕੀ ਨੇ ਚਾਕੂ ਨਾਲ ਗਲਾ ਵੱਢ ਕੇ ਹੱਤਿਆ ਕਰ ਦਿੱਤੀ। ਨੌਜਵਾਨ ਦੀ ਮੌਕੇ ਉੱਤੇ ਮੌਤ ਹੋ ਗਈ, ਜਿਸ ਬਾਰੇ ਪੁਲਸ ਅਗਲੀ ਕਾਰਵਾਈ ਕਰ ਰਹੀ ਹੈ।

ਪਤਾ ਲੱਗਾ ਹੈ ਕਿ ਲੜਕੀ ਸਕੂਟਰੀ ਉੱਤੇ ਮਾਂ ਦੇ ਨਾਲ ਜਾ ਰਹੀ ਸੀ। ਬੀਤੇ ਐਤਵਾਰ ਦੁਪਹਿਰੇ ਕਰੀਬ 12 ਵਜੇ ਭੀੜ ਭਰੀ ਸੜਕ ਤੇ ਉਸ ਨੇ ਅੱਗੇ ਚੱਲ ਰਹੇ ਸਾਈਕਲ ਸਵਾਰ ਨੂੰ ਰਾਹ ਦੇਣ ਲਈ ਹਾਰਨ ਵਜਾਇਆ। ਸਾਈਕਲ ਸਵਾਰ ਸੁਦਾਮਾ ਦਲੇਰ ਹਾਰਨ ਨਹੀਂ ਸੁਣ ਸਕਿਆ, ਜਿਸ ਕਾਰਨ ਰਸਤੇ ਤੋਂ ਨਹੀਂ ਹਟਿਆ। ਇਸ ਕਾਰਨ ਲੜਕੀ ਗੁੱਸੇ ਹੋ ਗਈ। ਕੁਝ ਦੂਰ ਜਾ ਕੇ ਉਸ



ਨੇ ਸਕੂਟਰੀ ਰੋਕੀ ਅਤੇ ਸਾਈਕਲ ਸਵਾਰ ਨਾਲ ਮਾਰਕੁੱਟ ਕਰਨ ਲੱਗੀ। ਲੜਕੀ ਦੀ ਮਾਂ ਛੁਡਾਉਣ ਦੀ ਕੋਸ਼ਿਸ਼ ਕਰ ਰਹੀ ਸੀ ਤਾਂ ਲੜਕੀ ਨੇ ਚਾਕੂ ਕੱਢਿਆ ਅਤੇ ਸੁਦਾਮੇ ਉੱਤੇ ਹਮਲਾ ਕਰ ਕੇ ਗਲਾ ਵੱਢ ਦਿੱਤਾ, ਜਿਸ ਨਾਲ ਉਸ ਦੀ ਮੌਕੇ ਉੱਤੇ ਮੌਤ ਹੋ ਗਈ। ਬਾਅਦ ਵਿੱਚ ਪਤਾ ਲੱਗਾ ਕਿ ਸੁਦਾਮਾ ਕੰਨਾਂ ਤੋਂ ਬੋਲ਼ਾ ਸੀ।

ਵਾਰਦਾਤ ਦੇ ਬਾਅਦ ਲੜਕੀ ਸਕੂਟਰੀ ਲੈ ਕੇ ਫਰਾਰ ਹੋ ਗਈ। ਉਹ ਇੱਕ ਪੁਰਾਣੇ ਹਿਸਟਰੀਸ਼ੀਟਰ ਦੇ ਘਰ ਸ਼ਰਨ ਲੈਣ ਗਈ ਤਾਂ ਪੁਲਸ ਨੇ ਫੜ ਲਈ। ਉਸ ਕੋਲੋਂ ਇੱਕ ਹੋਰ ਚਾਕੂ ਵੀ ਮਿਲਿਆ। ਲੜਕੀ ਨਸ਼ਾ ਕਰਦੀ ਹੈ। ਉਹ ਹਮੇਸ਼ਾ ਚਾਕੂ ਨਾਲ ਰੱਖਦੀ ਸੀ। ਲੜਕੀ ਦੀ ਉਮਰ 15 ਸਾਲ ਦੱਸੀ ਗਈ ਹੈ। ਪੁਲਸ ਬੋਨ ਮੈਰੋ ਟੈਸਟ ਕਰਾਉਣ ਦੀ ਤਿਆਰੀ ਕਰ ਰਹੀ ਹੈ। ਲੜਕੀ ਦੀ ਮਾਂ ਨੇ ਦੱਸਿਆ ਕਿ ਸ਼ਨੀਵਾਰ ਸਵੇਰੇ ਸਬਜ਼ੀ ਕੱਟਣ ਵਾਲੇ ਚਾਕੂ ਨਾਲ ਉਹ ਉਨ੍ਹਾਂ ਨੂੰ ਡਰਾ ਰਹੀ ਸੀ। ਇੰਟਰਨੈਟ ਮੀਡੀਆ ਵਿੱਚ ਲੜਕੀ ਦੇ ਕਈ ਵੀਡੀਓਜ਼ ਮਿਲੇ ਹਨ। ਇੱਕ ਵੀਡੀਓ ਵਿੱਚ ਉਹ ਚਾਕੂ ਦਿਖਾ ਕੇ ਨੌਜਵਾਨ ਨੂੰ ਧਮਕਾ ਰਹੀ ਹੈ। ਕੁਝ ਵੀਡੀਓਜ਼ ਵਿੱਚ ਸਿਗਰਟ, ਗਾਂਜਾ, ਚਰਸ ਦਾ ਧੂੰਆਂ ਉਡਾਉਂਦੇ ਹੋਏ ਖੁਦ ਨੂੰ 'ਕਵੀਨ ਆਫ ਸਿਟੀ' ਲਿਖਿਆ ਹੈ। ਲੜਕੀ ਨੇ ਬਲਾਤਕਾਰ ਤੇ ਪਾਕਸੋ ਐਕਟ ਦੇ ਤਹਿਤ ਵੀ ਮਾਮਲੇ ਦਰਜ ਕਰਾਏ ਹਨ।

# CLASSIFIEDS

ਕੈਨੇਡੀਅਨ ਪੰਜਾਬੀ ਪੋਸਟ — Award winning news paper | Canadian Punjabi Post

**Starting at just $10**

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

# Matrimonial

ਰਿਸ਼ਤੇ ਹੀ ਰਿਸ਼ਤੇ

**Starting at just $10**

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਿੱਖ ਰਾਜਪੂਤ (ਜੰਜੂਆ), ਜਨਮ ਦਸੰਬਰ, 1991, ਕੱਦ 5'11", ਕੈਨੇਡੀਅਨ ਸਿਟੀਜਨ, ਵੈੱਲ ਸੈਟਲਡ ਲੜਕੇ ਲਈ ਕੈਨੇਡੀਅਨ ਪੀਆਰ/ਸਿਟੀਜਨ, ਉਮਰ 25-27 ਸਾਲ, ਖਾਨਦਾਨੀ ਘਰਾਣੇ ਨਾਲ ਸੰਬੰਧਤ ਸੁੰਦਰ ਅਤੇ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 647-239-4866 ਅਤੇ 647-773-5902

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013




Check our Free E-paper at:
www.canadianpunjabipost.ca

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

ਕੈਨੇਡੀਅਨ ਪੰਜਾਬੀ ਪੋਸਟ — Award winning news paper | Canadian Punjabi Post

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9" ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013




## ਕੇਅਰ ਗਿਵਰ ਦੀ ਲੋੜ

ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:



**204-333-9000, 416-818-3777**

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ | Best Rates For Lessons

- ਮੁਫਤ ਪਿਕਅਪ ਅਤੇ ਡਰਾਪ ਆਫ
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ

647-998-7500 ਬਲਵਿੰਦਰ




# ਕੋਰਟ ਨੇ ਰਾਜਾਂ ਤੋਂ ਅਦਾਲਤਾਂ ਨੂੰ ਮਿਲੇ ਧਨ ਦੀ ਜਾਣਕਾਰੀ ਮੰਗੀ

ਨਵੀਂ ਦਿੱਲੀ, 27 ਜੁਲਾਈ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਰਾਜਾਂ ਨੂੰ ਕਿਹਾ ਹੈ ਕਿ ਉਹ ਕੇਂਦਰ ਵੱਲੋਂ ਸਪਾਂਸਰ ਕੀਤੀ ਯੋਜਨਾ ਹੇਠ ਉਨ੍ਹਾਂ ਨੂੰ ਦਿੱਤੀ ਰਾਸ਼ੀ ਅਤੇ ਰਾਜ ਅਤੇ ਜ਼ਿਲ੍ਹਾ ਅਦਾਲਤਾਂ ਲਈ ਉਨ੍ਹਾਂ ਵੱਲੋਂ ਦਿੱਤੀ ਰਕਮ ਦੀ ਜਾਣਕਾਰੀ ਪੇਸ਼ ਕਰਨ। ਸੁਪਰੀਮ ਕੋਰਟ ਨੇ ਰਾਜ ਸਰਕਾਰਾਂ ਦੇ ਕਾਨੂੰਨ ਸੈਕਟਰੀਆਂ ਨੂੰ ਐਫੀਡੇਵਿਟ ਪੇਸ਼ ਕਰਨ ਲਈ ਕਿਹਾ ਹੈ, ਜਿਸ ਵਿੱਚ ਰਾਜ ਅਤੇ ਜ਼ਿਲ੍ਹਾ ਨਿਆਂ ਪਾਲਿਕਾ ਨੂੰ ਦਿੱਤੀ ਗਈ ਰਾਸ਼ੀ ਅਤੇ ਹੋਰ ਯੋਜਨਾਵਾਂ ਵਾਸਤੇ ਦਿੱਤੀ ਗਈ ਰਾਸ਼ੀ ਦੀ ਜਾਣਕਾਰੀ ਵੇਰਵੇ ਸਹਿਤ ਦਿੱਤੀ ਗਈ ਹੋਵੇ।



ਜਸਟਿਸ ਡੀ ਵਾਈ ਚੰਦਰਚੂੜ ਤੇ ਜਸਟਿਸ ਸੂਰਿਆਕਾਂਤ ਦੀ ਬੈਂਚ ਨੇ ਕਿਹਾ ਕਿ ਕਾਨੂੰਨ ਸੈਕਟਰੀਆਂ ਵੱਲੋਂ ਇਹ ਜਾਣਕਾਰੀ ਚਾਰ ਹਫਤੇ ਦੇ ਅੰਦਰ ਦਿੱਤੀ ਜਾਣੀ ਚਾਹੀਦੀ ਹੈ। ਬੈਂਚ ਨੇ ਕਿਹਾ ਕਿ ਰਾਜਾਂ ਇਹ ਜਾਣਕਾਰੀ ਦੇਣੇ ਕਿ ਉਨ੍ਹਾਂ ਨੇ ਪਿਛਲੇ ਪੰਜ ਸਾਲਾਂ ਵਿੱਚ ਕੇਂਦਰ ਵੱਲੋਂ ਸਪਾਂਸਰ ਕੀਤੀ ਯੋਜਨਾ ਹੇਠ ਉਨ੍ਹਾਂ ਨੂੰ ਮਿਲੀ ਰਾਸ਼ੀ ਵਿੱਚ ਅਦਾਲਤਾਂ ਲਈ ਅਸਲ ਵਿੱਚ ਕਿੰਨਾ ਖਰਚ ਕੀਤਾ ਹੈ।ਸੁਪਰੀਮ ਕੋਰਟ ਰਾਸ਼ਟਰੀ ਅਦਾਲਤ ਪ੍ਰਬੰਧਕੀ ਸਿਸਟਮ ਕਮੇਟੀ ਦੀ ਰਿਪੋਰਟ ਬਾਰੇ ਇੱਕ ਕੇਸ ਦੇਖ ਰਹੀ ਹੈ। ਬੈਂਚ ਨੇ ਸਾਰੀਆਂ ਹਾਈ ਕੋਰਟਾਂ ਦੇ ਰਜਿਸਟਰਾਰ ਜਨਰਲਾਂ ਨੂੰ ਅਡੀਸ਼ਨਲ ਸਾਲਿਸਟਰ ਜਨਰਲ ਕੇ ਐਮ ਨਟਰਾਜ ਵੱਲੋਂ ਇੱਕ ਨੋਟ ਦਾ ਜਵਾਬ ਦੇਣ ਲਈ ਵੀ ਕਿਹਾ, ਜੋ ਬੁਨਿਆਦੀ ਢਾਂਚੇ ਦੀ ਸਥਿਤੀ ਤੇ ਜੱਜਾਂ ਦੀ ਗਿਣਤੀ ਦੇ ਮੁੱਦੇ ਉੱਤੇ ਕੇਂਦਰ ਸਰਕਾਰ ਦੀ ਅਗਵਾਈ ਕਰ ਰਹੇ ਹਨ। ਇਸ ਨੇ ਕਿਹਾ ਕਿ ਰਾਜ ਸਰਕਾਰਾਂ ਦੇ ਕਾਨੂੰਨ ਸੈਕਟਰੀ ਵੀ ਐਫੀਡੇਵਿਟ ਉੱਤੇ ਆਪਣੀ ਪ੍ਰਤੀਕਿਰਿਆ ਪੇਸ਼ ਕਰਨਗੇ ਜਿਸ ਵਿੱਚ ਵਿਸ਼ੇਸ਼ ਰੂਪ ਤੋਂ ਸਪੱਸ਼ਟ ਹੋਵੇ ਕਿ ਕੇਂਦਰ ਵੱਲੋਂ ਸਪਾਂਸਰ ਕੀਤੀਆਂ ਯੋਜਨਾਵਾਂ ਹੇਠ ਰਾਜ ਨੂੰ ਕਿੰਨੀ ਧਨ ਰਾਸ਼ੀ ਮਿਲੀ ਅਤੇ ਰਾਜ ਸਰਕਾਰਾਂ ਨੇ ਰਾਜ ਤੇ ਜ਼ਿਲ੍ਹਾ ਅਦਾਲਤਾਂ ਨੂੰ ਅਸਲ ਵਿੱਚ ਕਿੰਨੀ ਰਾਸ਼ੀ ਵੰਡੀ ਹੈ। ਬੈਂਚ ਇਸ ਬਾਰੇ ਅਗਲੀ ਸੁਣਵਾਈ ਸਤੰਬਰ ਦੇ ਪਹਿਲੇ ਹਫਤੇ ਵਿੱਚ ਕਰੇਗਾ।

